Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 97 | Monday, May 25, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਚਾਰੇ ਮੁੱਖ ਪਾਰਟੀਆਂ ਨੇ ਫੈਡਰਲ ਵੇਜ ਸਬਸਿਡੀ ਲਈ ਕੀਤਾ ਅਪਲਾਈ

ਓਟਵਾ, 24 ਮਈ (ਪੋਸਟ ਬਿਊਰੋ) : ਲਿਬਰਲ, ਕੰਜ਼ਰਵੇਟਿਵ, ਐਨਡੀਪੀ ਤੇ ਗ੍ਰੀਨ ਪਾਰਟੀਆਂ ਵੱਲੋਂ ਫੈਡਰਲ ਸਰਕਾਰ ਦੇ ਵੇਜ ਸਬਸਿਡੀ ਪ੍ਰੋਗਰਾਮ ਲਈ ਅਪਲਾਈ ਕੀਤਾ ਗਿਆ ਹੈ। ਇਹ ਸਾਰੀਆਂ ਪਾਰਟੀਆਂ ਕੋਵਿਡ-19 ਮਹਾਂਮਾਰੀ ਦੌਰਾਨ ਆਪਣੇ ਸਟਾਫ ਨੂੰ ਬਰਕਰਾਰ ਰੱਖਣ ਲਈ ਸਰਕਾਰ ਵੱਲੋਂ ਜਾਰੀ 75 ਫੀ ਸਦੀ ਵੇਜ ਸਬਸਿਡੀ ਹਾਸਲ ਕਰਨਾ ਚਾਹੁੰਦੀਆਂ ਹਨ।

ਐਨਡੀਪੀ ਵੱਲੋਂ ਸ਼ੁੱਕਰਵਾਰ ਨੂੰ ਇਸ ਪ੍ਰੋਗਰਾਮ ਲਈ ਅਪਲਾਈ ਕੀਤਾ ਗਿਆ ਸੀ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਲਿਬਰਲ ਪਾਰਟੀ, ਕੰਜ਼ਰਵੇਟਿਵ ਪਾਰਟੀ ਅਤੇ ਗ੍ਰੀਨ ਪਾਰਟੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਵੱਲੋਂ ਇਸ ਪ੍ਰੋਗਰਾਮ ਲਈ ਅਪਲਾਈ ਕੀਤਾ ਜਾ ਚੁੱਕਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕੰਜ਼ਰਵੇਟਿਵਜ਼ ਤੇ ਲਿਬਰਲਜ਼ ਨੂੰ




ਇਹ ਫੰਡ ਪਹਿਲਾਂ ਹੀ ਹਾਸਲ ਵੀ ਹੋ ਚੁੱਕੇ ਹਨ ਤਾਂ ਕਿ ਉਹ ਸਿਆਸੀ ਡੋਨੇਸ਼ਨਾਂ ਲੱਗਭਗ ਮੁੱਕ ਜਾਣ ਉਪਰੰਤ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਦੇਣੀਆਂ ਜਾਰੀ ਰੱਖ ਸਕਣ।

ਲਿਬਰਲ ਪਾਰਟੀ ਦੇ ਬੁਲਾਰੇ ਬ੍ਰੇਡਨ ਕੈਲੇ ਨੇ ਆਖਿਆ ਕਿ ਮਾਰਚ ਦੇ ਸ਼ੁਰੂ ਤੋਂ ਹੀ ਵਿਅਕਤੀਗਤ ਫੰਡਰੇਜ਼ਿੰਗ ਈਵੈਂਟਸ ਉੱਤੇ ਲੱਗੀ ਰੋਕ ਤੋਂ ਬਾਅਦ ਪਾਰਟੀ ਨੂੰ ਫੈਡਰਲ ਮਦਦ ਹਾਸਲ ਹੋ ਚੁੱਕੀ ਹੈ। ਇਸ ਨਾਲ ਪਾਰਟੀ ਨੂੰ ਆਪਣੇ ਸਟਾਫ ਦੇ ਕਿਸੇ ਵੀ ਮੈਂਬਰ ਦੀ ਛੁੱਟੀ ਨਹੀਂ ਕਰਨੀ ਪਈ। ਇਸ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਕੋਰੀ ਹੈਨ ਨੇ ਦੱਸਿਆ ਕਿ ਉਨ੍ਹਾਂ ਦੀ ਫੈਡਰਲ ਪਾਰਟੀ ਲੀਡਰਸ਼ਿਪ ਦੌੜ ਦੇ ਐਨ ਵਿਚਕਾਰ ਹੈ। ਉਨ੍ਹਾਂ ਆਖਿਆ ਕਿ ਬਹੁਤ ਸਾਰੇ ਕੈਨੇਡੀਅਨਾਂ, ਸੰਸਥਾਵਾਂ ਤੇ ਗੈਰ ਮੁਨਾਫੇ ਵਾਲੀਆਂ ਸੰਸਥਾਵਾਂ ਵਾਂਗ ਹੀ ਕੋਵਿਡ-19 ਸਬੰਧੀ ਮਾਪਦੰਡਾਂ ਦਾ ਉਨ੍ਹਾਂ ਦੀ ਟੀਮ, ਪਾਰਟੀ ਤੇ ਗਤੀਵਿਧੀਆਂ ਉੱਤੇ ਵੀ ਅਸਰ ਪਿਆ ਹੈ। ਉਨ੍ਹਾਂ ਆਖਿਆ ਕਿ ਪਾਰਟੀ ਆਪਣੇ ਸਟਾਫ ਵਿੱਚ ਕਿਸੇ ਵੀ ਕਿਸਮ ਦੀ ਕਟੌਤੀ ਨਹੀਂ ਸੀ ਚਾਹੁੰਦੀ ਤੇ ਆਪਣੀਆਂ ਗਤੀਵਿਧੀਆਂ ਵੀ ਪਹਿਲਾਂ ਵਾਂਗ ਹੀ ਜਾਰੀ ਰੱਖਣਾ ਚਾਹੁੰਦੀ ਸੀ ਪਰ ਅਜਿਹੇ ਸੰਕਟ ਦੇ ਸਮੇਂ ਵਿੱਚ ਸਾਡੇ ਕੋਲ ਵਾਧੂ ਪੈਸਾ ਵੀ ਨਹੀਂ ਸੀ ਤੇ ਇਸੇ ਲਈ ਇਹ ਮਦਦ ਲੈਣੀ ਪਈ।

ਐਨਡੀਪੀ ਤੇ ਗ੍ਰੀਨ ਪਾਰਟੀ ਨੇ ਵੀ ਇਹੋ ਕਾਰਨ ਦੱਸਿਆ ਕਿ ਸੰਕਟ ਦੀ ਇਸ ਘੜੀ ਵਿੱਚ ਉਹ ਆਪਣੇ ਸਟਾਫ ਤੋਂ ਹੱਥ ਨਹੀਂ ਸਨ ਧੁਆਉਣਾ ਚਾਹੁੰਦੇ ਇਸ ਲਈ ਉਨ੍ਹਾਂ ਨੂੰ ਫੈਡਰਲ ਸਰਕਾਰ ਤੋਂ ਇਹ ਮਦਦ ਲੈਣੀ ਪੈ ਰਹੀ ਹੈ। ਹੁਣ ਤੱਕ ਫੈਡਰਲ ਸਰਕਾਰ ਨੂੰ ਸਬਸਿਡੀ ਲਈ 215,661 ਅਰਜ਼ੀਆਂ ਹਾਸਲ ਹੋ ਚੁੱਕੀਆਂ ਹਨ ਤੇ ਸਰਕਾਰ ਇਨ੍ਹਾਂ ਸਾਰੀਆਂ ਨੂੰ ਮਨਜ਼ੂਰੀ ਵੀ ਦੇ ਚੁੱਕੀ ਹੈ। ਹੁਣ ਤੱਕ ਇਸ ਪ੍ਰੋਗਰਾਮ ਤਹਿਤ 5.7 ਬਿਲੀਅਨ ਡਾਲਰ ਦਿੱਤੇ ਜਾ ਚੁੱਕੇ ਹਨ।

## ਓਨਟਾਰੀਓ ਵਿੱਚ ਕੋਵਿਡ-19 ਮਾਮਲਿਆਂ ਵਿੱਚ ਹੋਇਆ ਵਾਧਾ

ਟੋਰਾਂਟੋ, 24 ਮਈ (ਪੋਸਟ ਬਿਊਰੋ) : ਓਨਟਾਰੀਓ ਹੈਲਥ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਥੇ ਕੋਵਿਡ-19 ਦੇ ਨਵੇਂ ਮਾਮਲਿਆਂ ਵਿੱਚ ਇਜਾਫਾ ਵੇਖਣ ਨੂੰ ਮਿਲ ਰਿਹਾ ਹੈ।

ਐਤਵਾਰ ਸਵੇਰੇ ਪ੍ਰੋਵਿੰਸ ਵਿੱਚ ਨੋਵਲ ਕਰੋਨਾਵਾਇਰਸ ਦੇ 460 ਨਵੇਂ ਮਾਮਲੇ ਰਿਕਾਰਡ ਕੀਤੇ ਗਏ। ਇਹ ਲਗਾਤਾਰ ਚੌਥਾ ਦਿਨ ਸੀ ਜਦੋਂ ਕੋਵਿਡ-19 ਦੇ ਮਾਮਲਿਆਂ ਦੀ ਗਿਣਤੀ 400 ਤੋਂ ਵੱਧ ਰਹੀ। 8 ਮਈ ਤੋਂ ਬਾਅਦ ਐਤਵਾਰ ਨੂੰ ਕਰੋਨਾਵਾਇਰਸ ਦੇ ਸੱਭ ਤੋਂ ਵੱਧ 477



ਮਾਮਲੇ ਸਾਹਮਣੇ ਆਏ। ਇੱਕ ਦਿਨ ਪਹਿਲਾਂ ਨਾਲੋਂ ਇਨ੍ਹਾਂ ਮਾਮਲਿਆਂ ਵਿੱਚ 1.8 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ।

ਜਿਨ੍ਹਾਂ 64 ਫੀ ਸਦੀ ਤੋਂ ਵੀ ਵੱਧ ਮਾਮਲਿਆਂ ਦੀ ਪੁਸ਼ਟੀ ਹੋਈ ਉਨ੍ਹਾਂ ਵਿੱਚੋਂ ਸਾਰਿਆਂ ਦੀ ਰਿਪੋਰਟ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਪਬਲਿਕ ਹੈਲਥ ਯੂਨਿਟਸ ਵੱਲੋਂ ਕੀਤੀ ਗਈ। ਇਸ ਸਮੇਂ 3216 ਟੈਸਟ ਅਜਿਹੇ ਹਨ ਜਿਹੜੇ ਜਾਂਚ ਅਧੀਨ ਹਨ। ਐਤਵਾਰ ਦੇ ਐਪਿਡੇਮੌਲੋਜੀ ਸਾਰ ਤੋਂ ਇਹ ਸਾਹਮਣੇ ਆਇਆ ਕਿ 1443 ਮੌਤਾਂ ਉਨ੍ਹਾਂ ਲੋਕਾਂ ਦੀਆਂ ਹੋਈਆਂ ਜਿਹੜੇ 80 ਸਾਲ ਦੇ ਜਾਂ ਇਸ ਤੋਂ ਵੱਧ ਦੇ ਸਨ। ਬਾਕੀ 539 ਮੌਤਾਂ ਉਨ੍ਹਾਂ ਲੋਕਾਂ ਦੀਆਂ ਹੋਈਆਂ ਜਿਹੜੇ 60 ਤੇ 79 ਸਾਲਾਂ ਦੇ ਉਮਰ ਵਰਗ ਨਾਲ ਸਬੰਧਤ ਸਨ।

## ਫੋਰਡ ਵੱਲੋਂ ਸਾਰੇ ਓਨਟਾਰੀਓ ਵਾਸੀਆਂ ਨੂੰ ਆਪਣਾ ਕੋਵਿਡ-19 ਟੈਸਟ ਕਰਵਾਉਣ ਦੀ ਅਪੀਲ



ਓਨਟਾਰੀਓ, 24 ਮਈ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਓਨਟਾਰੀਓ ਵਾਸੀਆਂ ਨੂੰ ਆਪਣਾ ਟੈਸਟ ਕਰਵਾਉਣ ਦੀ ਅਪੀਲ ਕੀਤੀ ਜਾ ਰਹੀ ਹੈ।

ਫੋਰਡ ਨੇ ਆਖਿਆ ਕਿ ਭਾਵੇਂ ਤੁਹਾਨੂੰ ਕਰੋਨਾਵਾਇਰਸ ਦੇ ਕੋਈ ਲੱਛਣ ਨਹੀਂ ਹਨ ਫਿਰ ਵੀ ਤੁਹਾਨੂੰ ਅਸੈੱਸਮੈਂਟ ਸੈਂਟਰ ਜਾ ਕੇ ਟੈਸਟ ਕਰਵਾਉਣਾ ਚਾਹੀਦਾ ਹੈ। ਸਿਹਤ ਮੰਤਰਾਲੇ ਵੱਲੋਂ ਇਸ ਤੋਂ ਪਹਿਲਾਂ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਨਾਲੋਂ ਪ੍ਰੀਮੀਅਰ ਵੱਲੋਂ ਦਿੱਤਾ ਗਿਆ ਇਹ ਵੱਖਰਾ ਸੁਨੇਹਾ ਹੈ। ਪਹਿਲਾਂ ਇਹ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਜਿਨ੍ਹਾਂ ਵਿਅਕਤੀਆਂ ਵਿੱਚ ਇੱਕ ਜਾਂ ਇੱਕ ਤੋਂ ਵੱਧ ਲੱਛਣ ਪਾਏ ਜਾ ਰਹੇ ਹੋਣ ਉਨ੍ਹਾਂ ਨੂੰ ਆਪਣਾ ਟੈਸਟ ਕਰਵਾਉਣਾ ਚਾਹੀਦਾ ਹੈ।

ਪ੍ਰੀਮੀਅਰ ਨੇ ਇਹ ਵੀ ਆਖਿਆ ਕਿ ਅਗਲੇ ਹਫਤੇ ਪ੍ਰੋਵਿੰਸ ਵੱਲੋਂ ਨਵੀਂ ਟੈਸਟਿੰਗ ਸਟਰੈਟੇਜੀ ਦਾ ਖੁਲਾਸਾ ਕੀਤਾ ਜਾਵੇਗਾ। ਇਹ ਮੁੱਖ ਤੌਰ ਉੱਤੇ ਵੱਖ ਵੱਖ ਸੈਕਟਰਾਂ ਤੇ ਹੌਟ ਸਪੌਟਸ ਉੱਤੇ ਕੇਂਦਰਿਤ ਹੋਵੇਗੀ। ਫੋਰਡ ਕਈ ਵਾਰੀ ਓਨਟਾਰੀਓ ਵਿੱਚ ਟੈਸਟਿੰਗ ਦੀ ਮੱਠੀ ਰਫਤਾਰ ਉੱਤੇ ਗੁੱਸਾ ਪ੍ਰਗਟਾਅ ਚੁੱਕੇ ਹਨ। ਇਸ ਤੋਂ ਇਲਾਵਾ ਸ਼ਨਿੱਚਰਵਾਰ ਨੂੰ ਟੋਰਾਂਟੋ ਦੇ ਟ੍ਰਿਨਿਟੀ ਬੈੱਲਵੁਡਜ਼ ਪਾਰਕ ਵਿੱਚ ਵੱਡੀ ਗਿਣਤੀ ਲੋਕਾਂ ਦੇ ਇੱਕਠੇ ਹੋਣ ਉੱਤੇ ਵੀ ਫੋਰਡ ਨੇ ਗੁੱਸਾ ਪ੍ਰਗਟਾਇਆ। ਉਨ੍ਹਾਂ ਆਖਿਆ ਕਿ ਪਹਿਲਾਂ ਤਾਂ ਇਹ ਲੱਗਿਆ ਕਿ ਉੱਥੇ ਕੋਈ ਕੰਸਰਟ ਹੋ ਰਿਹਾ ਹੈ। ਐਨੇ ਲੋਕਾਂ ਨੂੰ ਇੱਕ ਥਾਂ ਇੱਕਠਿਆਂ ਹੋਇਆਂ ਵੇਖ ਕੇ ਉਨ੍ਹਾਂ ਨੂੰ ਕਾਫੀ ਸ਼ੌਕ ਲੱਗਿਆ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

DHINDSA LAW
Barrister, Solicitor & Notary Public
Criminal and Family Law
Immigration
Real Estate
Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
Call: 437 998 1429
330 Highway 7 E, Suite 309, Richmond Hill- L4B 3P8

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

You can Place Your Business Here To Reach Wider Audience
(905)793-2202

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598


NOW HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

# ਸੀਤ ਜੰਗ ਵੱਲ ਵੱਧ ਰਹੇ ਹਨ ਚੀਨ ਤੇ ਅਮਰੀਕਾ ਦੇ ਸਬੰਧ!



ਬੀਜਿੰਗ, ਚੀਨ, 24 ਮਈ (ਪੋਸਟ ਬਿਊਰੋ) : ਚੀਨ ਨੇ ਐਤਵਾਰ ਨੂੰ ਆਖਿਆ ਕਿ ਕਰੋਨਾਵਾਇਰਸ ਮਹਾਂਮਾਰੀ ਦਰਮਿਆਨ ਅਮਰੀਕਾ ਨਾਲ ਉਨ੍ਹਾਂ ਦੇ ਸਬੰਧ ਨਵੀਂ ਸੀਤ ਜੰਗ ਵੱਲ ਵੱਧ ਰਹੇ ਹਨ। ਕਰੋਨਾਵਾਇਰਸ ਕਾਰਨ ਦੁਨੀਆਂ ਭਰ ਵਿੱਚ 350,000 ਲੋਕ ਮਾਰੇ ਜਾ ਚੁੱਕੇ ਹਨ ਤੇ ਗਲੋਬਲ ਅਰਥਚਾਰਾ ਬੁਰੀ ਤਰ੍ਹਾਂ ਲੜਖੜਾ ਚੁੱਕਿਆ ਹੈ।

ਚੀਨ ਤੇ ਅਮਰੀਕਾ ਵਿੱਚ ਤਾਜ਼ਾ ਤਣਾਅ ਕੋਵਿਡ-19 ਕਾਰਨ ਰਮਜ਼ਾਨ ਦੇ ਮਹੀਨੇ ਦੇ ਮੁਸਲਮਾਨਾਂ ਵੱਲੋਂ ਮਨਾਏ ਜਾਣ ਵਾਲੇ ਜਸ਼ਨਾਂ ਨੂੰ ਮੱਠਾ ਕਰਨ ਤੋਂ ਉਪਜਿਆ। ਦੂਜੇ ਪਾਸੇ ਬਹੁਤੇ ਯੂਰਪੀਅਨ ਮੁਲਕਾਂ ਵੱਲੋਂ ਲਾਕਡਾਊਨਜ਼ ਵਿੱਚ ਰਾਹਤ ਦਿੱਤੀ ਜਾ ਰਹੀ ਹੈ। ਦੁਨੀਆਂ ਭਰ ਵਿੱਚ ਕਰੋਨਾਵਾਇਰਸ ਤੋਂ ਹੁਣ ਤੱਕ 5.3 ਮਿਲੀਅਨ ਲੋਕ ਸੰਕ੍ਰਮਿਤ ਹੋ ਚੁੱਕੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਸ ਆਊਟਬ੍ਰੇਕ ਲਈ ਪਾਰਦਰਸ਼ਤਾ ਨਾ ਵਰਤਣ ਦਾ ਦੋਸ਼ ਚੀਨ ਉੱਤੇ ਲਾਇਆ ਜਾਂਦਾ ਰਿਹਾ ਹੈ। ਟਰੰਪ ਦਾ ਤਾਂ ਇਹ ਵੀ ਆਖਣਾ ਹੈ ਕਿ ਇਸ ਵਾਇਰਸ ਨੂੰ ਚੀਨ ਦੀ ਲੈਬੌਰੇਟਰੀ ਵਿੱਚੋਂ ਜਾਣਬੁੱਝ ਕੇ ਲੀਕ ਕੀਤਾ ਗਿਆ। ਐਤਵਾਰ ਨੂੰ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਆਖਿਆ ਕਿ ਚੀਨ ਉੱਤੇ ਲਗਾਤਾਰ ਹਮਲਾ ਕਰਕੇ ਅਮਰੀਕਾ ਅਸਲ ਵਿੱਚ ਸਿਆਸੀ ਵਾਇਰਸ ਵਿੱਚ ਜਕੜਿਆ ਜਾ ਚੁੱਕਿਆ ਹੈ। ਪਰ ਇਸ ਦੇ ਬਾਵਜੂਦ ਚੀਨ ਵੀ ਕਰੋਨਾਵਾਇਰਸ ਦੇ ਸਰੋਤ ਨੂੰ ਲੱਭਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿੱਚ ਪੂਰੀ ਭਾਈਵਾਲੀ ਨਿਭਾਵੇਗਾ।

ਵਾਂਗ ਨੇ ਆਖਿਆ ਕਿ ਅਮਰੀਕਾ ਵਿੱਚ ਕੁੱਝ ਸਿਆਸੀ ਤਾਕਤਾਂ ਵੱਲੋਂ ਚੀਨ ਤੇ ਅਮਰੀਕਾ ਦੇ ਸਬੰਧਾਂ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਦੋਵਾਂ ਮੁਲਕਾਂ ਨੂੰ ਸੀਤ ਜੰਗ ਵੱਲ ਧੱਕਿਆ ਜਾ ਰਿਹਾ ਹੈ।

# ਸ਼ੌਰਨਕਲਿਫ ਪਾਰਕ ਏਰੀਆ ਵਿੱਚ ਦੋ ਵਿਅਕਤੀਆਂ ਨੂੰ ਮਾਰੀ ਗਈ ਗੋਲੀ



ਸ਼ੌਰਨਕਲਿਫ, 24 ਮਈ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਦੋ ਨੌਜਵਾਨਾਂ ਨੂੰ ਸ਼ੌਰਨਕਲਿਫ ਪਾਰਕ ਇਲਾਕੇ ਵਿੱਚ ਗੋਲੀ ਮਾਰ ਦਿੱਤੀ ਗਈ।

ਪੁਲਿਸ ਨੂੰ ਸ਼ਾਮੀਂ 5:30 ਵਜੇ ਤੋਂ ਬਾਅਦ ਸ਼ੌਰਨਕਲਿਫ ਪਾਰਕ ਡਰਾਈਵ ਤੇ ਓਵਰਲੀਆ ਬੋਲੀਵੀਆਰਡ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੂੰ ਉੱਥੇ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਨੂੰ ਦੂਜਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਵੀ ਗੋਲੀ ਲੱਗੀ ਸੀ।

ਦੋਵਾਂ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਭੇਜ ਦਿੱਤਾ ਗਿਆ। ਇਸ ਮਾਮਲੇ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਮੌਕੇ ਤੋਂ ਹਥਿਆਰ ਵੀ ਬਰਾਮਦ ਕੀਤਾ ਗਿਆ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047


# ਵਿਦੇਸ਼ ਤੋਂ ਭਾਰਤ ਆਏ ਸਾਰੇ ਲੋਕਾਂ ਲਈ 14 ਦਿਨਾ ਇਕਾਂਤਵਾਸ ਜ਼ਰੂਰੀ ਕਰ ਦਿੱਤਾ ਗਿਆ



## * ਭਾਰਤ ਦੇ ਸਿਹਤ ਮੰਤਰਾਲੇ ਵੱਲੋਂ ਨਵੇਂ ਨਿਰਦੇਸ਼ ਜਾਰੀ

ਨਵੀਂ ਦਿੱਲੀ, 24 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਲਾਕਡਾਊਨ ਨਾਲ ਰੁਕੀ ਹੋਈ ਜ਼ਿੰਦਗੀ ਨੂੰ ਲੀਹ ਉੱਤੇ ਲਿਆਉਣ ਲਈ ਸੀਮਤ ਜਿਹੀ ਰੇਲ ਤੇ ਹਵਾਈ ਸੇਵਾ ਸ਼ੁਰੂ ਕਰਨ ਦੇ ਐਲਾਨ ਮਗਰੋਂ ਯਾਤਰਾ ਦੀਆਂ ਸ਼ਰਤਾਂ ਬਾਰੇ ਅੰਦਾਜ਼ਿਆਂ ਨੂੰ ਰੋਕਦੇ ਹੋਏ ਅੱਜ ਕੇਂਦਰੀ ਸਿਹਤ ਮੰਤਰਾਲੇ ਨੇ ਸਾਰੇ ਯਾਤਰੀਆਂ ਲਈ ਜ਼ਰੂਰੀ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਮੰਤਰਾਲੇ ਨੇ ਵਿਦੇਸ਼ ਤੋਂ ਆਉਣ ਵਾਲੇ ਸਾਰੇ ਲੋਕਾਂ ਤੇ ਦੇਸ਼ ਵਿੱਚ ਹਵਾਈ ਜਹਾਜ਼, ਰੇਲ ਜਾਂ ਬੱਸ ਰਾਹੀਂ ਇਕ ਤੋਂ ਦੂਜੇ ਰਾਜ ਵਿਚ ਜਾਣ ਵਾਲੇ ਯਾਤਰੀਆਂ ਲਈ ਨਿਰਦੇਸ਼ ਹੋਰ ਸਪੱਸ਼ਟ ਕੀਤੇ ਹਨ।

ਵਰਨਣ ਯੋਗ ਹੈ ਕਿ ਸੋਮਵਾਰ ਕੁਝ ਘਰੇਲੂ ਉਡਾਣਾਂ ਸ਼ੁਰੂ ਹੋਣ ਦੇ ਨਾਲ ਇੱਕ ਸੌ ਜੋੜੀ ਮੁਸਾਫਰ ਗੱਡੀਆਂ ਚੱਲਣ ਲੱਗ ਪਈਆਂ ਹਨ। ਇਸ ਦੌਰਾਨ ਗ੍ਰਹਿ ਮੰਤਰਾਲੇ ਨੇ ਵਿਦੇਸ਼ ਤੋਂ ਭਾਰਤ ਆ ਰਹੇ ਜਾਂ ਇੱਥੋਂ ਵਿਦੇਸ਼ ਜਾਣ ਵਾਲੇ ਲੋਕਾਂ ਲਈ ਸਟੈਂਡਰਡ ਆਪ੍ਰੇਟਿੰਗ ਪ੍ਰੋਸੀਜਰ (ਐੱਸ ਓ ਪੀ) ਜਾਰੀ ਕੀਤਾ ਹੈ, ਜਿਸ ਦੀ ਪਾਲਣਾ ਜ਼ਰੂਰੀ ਕਰ ਕੇ ਸਥਾਨਕ ਹਾਲਾਤ ਦੇ ਅਨੁਸਾਰ ਰਾਜ ਸਰਕਾਰਾਂ ਨੂੰ ਕੁਝ ਤਬਦੀਲੀ ਕਰ ਲੈਣ ਦਾ ਅਧਿਕਾਰ ਦੇ ਦਿੱਤਾ ਗਿਆ ਹੈ।

ਅੱਜ ਐਤਵਾਰ ਸਿਹਤ ਮੰਤਰਾਲੇ ਨੇ ਸਾਫ ਕਿਹਾ ਹੈ ਕਿ ਵਿਦੇਸ਼ ਤੋਂ ਆਏ ਸਾਰੇ ਯਾਤਰੀਆਂ ਨੂੰ ਓਥੋਂ ਜਹਾਜ਼ ਉੱਤੇ ਚੜ੍ਹਨ ਤੋਂ ਪਹਿਲਾਂ ਇਸ ਗੱਲ ਦਾ ਐਫੀਡੇਵਿਟ ਦੇਣਾ ਪਵੇਗਾ ਕਿ ਉਹ ਭਾਰਤ ਵਿੱਚ ਪੁੱਜਣ ਉੱਤੇ 14 ਦਿਨ ਕੁਆਰੰਟਾਈਨ ਵਿਚ ਰਹਿਣਗੇ, ਜਿਸ ਵਿਚੋਂ ਸੱਤ ਦਿਨ ਉਨ੍ਹਾਂ ਨੂੰ ਆਪਣੇ ਖ਼ਰਚ ਉੱਤੇ ਇੰਸਟੀਚਿਊਸ਼ਨਲ ਕੁਆਰੰਟਾਈਨ (ਸਰਕਾਰ ਵੱਲੋਂ ਦੱਸੇ ਟਿਕਾਣੇ ਉੱਤੇ) ਰਹਿਣਾ ਪਵੇਗਾ। ਗਰਭਵਤੀ ਔਰਤਾਂ, 10 ਸਾਲ ਤੋਂ ਛੋਟੇ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਪੂਰੇ 14 ਦਿਨ ਆਪਣੇ ਘਰ ਵਿੱਚ ਰਹਿਣ (ਹੋਮ ਕੁਆਰੰਟਾਈਨ) ਦੀ ਖੁੱਲ੍ਹ ਮਿਲ ਸਕਦੀ ਹੈ ਅਤੇ ਹੰਗਾਮੀ ਹਾਲਾਤ ਵਿੱਚ, ਜਿਵੇਂ ਪਰਿਵਾਰ ਵਿਚ ਕੋਈ ਮੌਤ ਜਾਂ ਬਿਮਾਰੀ ਦੀ ਹਾਲਤ ਹੋਵੇ, ਇਹ ਛੋਟ ਮਿਲ ਸਕਦੀ ਹੈ। ਵਿਦੇਸ਼ ਤੋਂ ਆਏ ਸਾਰੇ ਯਾਤਰੀਆਂ ਲਈ ਆਪਣੇ ਮੋਬਾਈਲ ਫੋਨ ਉੱਤੇ ਅਰੋਗਿਆ ਸੇਤੂ ਐਪ ਡਾਊਨਲੋਡ ਕਰਨਾ ਲਾਜ਼ਮੀ ਕੀਤਾ ਗਿਆ ਹੈ। ਇਨ੍ਹਾਂ ਸਾਰੇ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਤੇ ਕਿਸੇ ਤਰ੍ਹਾਂ ਦੇ ਲੱਛਣ ਮਿਲਣ ਉੱਤੇ ਅਧਿਕਾਰੀਆਂ ਨੂੰ ਦੱਸਣਾ ਪਵੇਗਾ। ਬਾਹਰੋਂ ਆਏ ਲੋਕਾਂ ਨੇ ਹੋਰ ਕੀ ਕਰਨਾ ਅਤੇ ਕੀ ਨਹੀਂ ਕਰਨਾ ਹੈ, ਇਸ ਬਾਰੇ ਸਬੰਧਿਤ ਟ੍ਰੈਵਲ ਏਜੰਸੀਆਂ ਟਿਕਟ ਦੇਣ ਵੇਲੇ ਪੂਰੀ ਜਾਣਕਾਰੀ ਦੇਣਗੀਆਂ। ਜਹਾਜ਼ ਚੜ੍ਹਨ ਤੋਂ ਪਹਿਲਾਂ ਸਭ ਦੀ ਥਰਮਲ ਸਕਰੀਨਿੰਗ ਹੋਵੇਗੀ ਤੇ ਸਿਹਤਮੰਦ ਤੇ ਬਿਨਾਂ ਲੱਛਣ ਲੋਕਾਂ ਨੂੰ ਯਾਤਰਾ ਦੀ ਆਗਿਆ ਮਿਲੇਗੀ ਤੇ ਮਾਸਕ ਪਾਉਣਾ ਵੀ ਸਭ ਲਈ ਲਾਜ਼ਮੀ ਹੋਵੇਗਾ। ਭਾਰਤ ਪੁੱਜਣ ਉੱਤੇ ਸਾਰਿਆਂ ਦੀ ਫਿਰ ਜਾਂਚ ਹੋਵੇਗੀ ਅਤੇ ਬਿਨਾਂ ਲੱਛਣ ਵਾਲਿਆਂ ਨੂੰ ਵੀ ਕੁਆਰੰਟਾਈਨ ਦੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca


# ਹੱਥ ਧੋਤੇ ਬਿਨਾਂ ਨਲਕੇ ਨੂੰ ਹੱਥ ਲਾਉਣ ਉੱਤੇ ਜੁਰਮਾਨਾ ਲੱਗੇਗਾ

ਲੋਹਰਦਗਾ, 24 ਮਈ (ਪੋਸਟ ਬਿਊਰੋ)- ਝਾਰਖੰਡ ਦੇ ਲੋਹਰਡਗਾ ਜ਼ਿਲੇ ਦੇ ਖਰਤਾ ਪਿੰਡ ਦੇ ਲੋਕਾਂ ਨੇ ਕੋਰੋਨਾ ਤੋਂ ਬਚਾਅ ਬਾਰੇ ਮਨੁੱਖੀ ਪਹਿਲ ਕੀਤੀ ਹੈ। ਆਦਿਵਾਸੀ ਬਹੁਤਾਤ ਵਾਲੇ ਇਸ ਪਿੰਡ ਦੇ ਲੋਕਾਂ ਨੇ ਬੈਠਕ ਕਰ ਕੇ ਫੈਸਲਾ ਲਿਆ ਹੈ ਕਿ ਕੋਈ ਵੀ ਵਿਅਕਤੀ ਜਨਤਕ ਨਲਕੇ ਨੂੰ ਬਿਨਾਂ ਹੱਥ ਧੋਤੇ ਹੱਥ ਲਾਵੇ ਤਾਂ ਉਸ ਨੂੰ ਪੰਜ ਸਾਬਣਾਂ ਦਾ ਜੁਰਮਾਨਾ ਦੇਣਾ ਪਵੇਗਾ। ਪਿੰਡ ਵਾਲੇ ਇਸ ਵਿਵਸਥਾ ਦੀ ਪਾਲਣਾ ਕਰਨ ਲਈ ਨਲਕੇ ਨੇੜੇ ਹੱਥ ਧੋਣ ਲਈ ਪਾਣੀ ਨਾਲ ਭਰੀ ਇੱਕ ਬਾਲਟੀ ਰੱਖਦੇ ਹਨ। ਨੇੜੇ ਸਾਬਣ ਜਾਂ ਸਰਫ ਰੱਖਿਆ ਜਾਂਦਾ ਹੈ। ਪਿੰਡ ਵਾਸੀ ਆਪਣੇ ਪੱਧਰ 'ਤੇ ਇਸ ਦੀ ਨਿਗਰਾਨੀ ਕਰਦੇ ਹਨ। ਇਹ ਵਿਵਸਥਾ ਪਿੰਡ ਦੇ ਸਾਰੇ ਨਲਕਿਆਂ 'ਤੇ ਲਾਗੂ ਕਰ ਦਿੱਤੀ ਗਈ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਆਵੇ ਸਮਝ ਨਾ ਨੀਤੀ ਸਰਕਾਰ ਦੀ ਜੀ,
ਮੌਸਮ ਵਾਂਗ ਪਈ ਬਦਲਦੀ ਰੰਗ ਬੇਲੀ।
ਕਹਿੰਦੀ ਲੋਕਾਂ ਨੂੰ ਦਿਓ ਬਈ ਸਾਥ ਸਾਡਾ,
ਚੱਲ ਰਹੀ ਨਾਲ ਕੋਰੋਨਾ ਪਈ ਜੰਗ ਬੇਲੀ।
ਕਦੀ ਦਿੰਦੀ ਸਰਕਾਰ ਪਈ ਆਪ ਖੁੱਲ੍ਹਾਂ,
ਕਦੇ ਲੱਗਦਾ ਕਿ ਦੇਊ ਇਹ ਟੰਗ ਬੇਲੀ।
ਹਰ ਇੱਕ ਫੈਸਲਾ ਉਲਝਣਾਂ ਲਈ ਆਵੇ,
ਲੋਕੀਂ ਆਏ ਪਏ ਬਹੁਤ ਹਨ ਤੰਗ ਬੇਲੀ।
ਲੜਦੀ ਪਈ ਸਰਕਾਰ ਕੋਈ ਜੰਗ ਜੇਕਰ,
ਪਲਟਣ ਲੋਕਾਂ ਦੀ ਬਿਨਾਂ ਨਾ ਲੜੀ ਜਾਣੀ।
ਨਾਲ ਉਲਝਣਾਂ ਵਿਗੜ ਗਈ ਖੇਡ ਜੇਕਰ,
ਨਿਕਲੀ ਹੱਥ ਤੋਂ ਡੋਰ ਨਹੀਂ ਫੜੀ ਜਾਣੀ।

**ਤੀਸ ਮਾਰ ਖਾਂ**

# ਭਾਰਤ ਕੋਰੋਨਾ ਦੇ ਕੇਸਾਂ ਪੱਖੋਂ ਏਸ਼ੀਆ ਵਿੱਚ ਦੂਸਰਾ ਸਭ ਤੋਂ ਵੱਧ ਪ੍ਰਭਾਵਤ ਦੇਸ਼ ਬਣਿਆ



ਨਵੀਂ ਦਿੱਲੀ, 24 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਅੱਜ ਤੱਕ ਕੋਰੋਨਾ ਵਾਇਰਸ ਦੇ 1,31,868 ਕੇਸ ਪਤਾ ਲੱਗਣ ਦੇ ਨਾਲ ਇਹ ਦੁਨੀਆ ਦਾ 11ਵਾਂ ਸਭ ਤੋਂ ਵੱਧ ਪ੍ਰਭਾਵਤ ਦੇਸ਼ ਬਣ ਗਿਆ ਹੈ ਤੇ ਇਸ ਬਿਮਾਰੀ ਦੇ ਪ੍ਰਭਾਵਤ ਲੋਕਾਂ ਦੇ ਪੱਖ ਤੋਂ ਏਸ਼ੀਆ ਵਿੱਚ ਦੂਸਰੇ ਥਾਂ ਜਾ ਪੁੱਜਾ ਹੈ। ਸੰਸਾਰ ਦੇ 10ਵੇਂ ਸਭ ਤੋਂ ਵੱਧ ਪ੍ਰਭਾਵਤ ਦੇਸ਼ ਇਰਾਨ ਵਿੱਚ ਇਸ ਵੇਲੇ ਤੱਕ 1,35,701 ਕੇਸ ਹਨ ਅਤੇ ਐਤਵਾਰ ਤੱਕ ਭਾਰਤ ਇਸ ਪੱਖੋਂ ਇਰਾਨ ਤੋਂ ਅੱਗੇ ਲੰਘ ਗਿਆ ਹੈ। ਏਸ਼ੀਆ ਵਿੱਚ ਤੁਰਕੀ ਵਿੱਚ ਸਭ ਤੋਂ ਵੱਧ 1,56,827 ਕੇਸ ਹਨ, ਜਿਨ੍ਹਾਂ ਵਿੱਚੋਂ 4340 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਦੂਸਰੇ ਥਾਂ ਉੱਤੇ ਭਾਰਤ ਵਿੱਚ ਅੱਜ ਐਤਵਾਰ ਤੱਲ 3868 ਲੋਕ ਮਾਰੇ ਜਾ ਚੁੱਕੇ ਹਨ।

ਅੱਜ ਐਤਵਾਰ ਨੂੰ ਭਾਰਤ ਵਿੱਚ ਕਰੀਬ ਛੇ ਹਜ਼ਾਰ ਨਵੇਂ ਕੇਸ ਪਤਾ ਲੱਗੇ ਹਨ ਅਤੇ ਸਵਾ ਸੌ ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ। ਐਤਵਾਰ ਸ਼ਾਮ ਤੱਕ ਮਿਲੀ ਸੂਚਨਾ ਮੁਤਾਬਕ ਭਾਰਤ ਵਿੱਚ ਸਭ ਤੋਂ ਵੱਧ ਕਹਿਰ ਅਜੇ ਵੀ ਮਹਾਰਾਸ਼ਟਰ ਵਿਚ ਹੈ ਤੇ ਓਥੇ 1577 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਪਿੱਛੋਂ ਗੁਜਰਾਤ ਵਿੱਚ 829, ਮੱਧ ਪ੍ਰਦੇਸ਼ ਵਿੱਚ 281, ਪੱਛਮੀ ਬੰਗਾਲ ਵਿੱਚ 269, ਦਿੱਲੀ ਵਿੱਚ 231, ਰਾਜਸਥਾਨ ਵਿਚ 160 ਅਤੇ ਉੱਤਰ ਪ੍ਰਦੇਸ਼ ਵਿੱਚ 155 ਮੌਤਾਂ ਹੋਈਆਂ ਹਨ।

# ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਉੱਤੇ ਭ੍ਰਿਸ਼ਟਾਚਾਰ ਦੇ ਕੇਸ ਦੀ ਸੁਣਵਾਈ ਸ਼ੁਰੂ

### * ਅਹੁਦੇ ਉੱਤੇ ਹੁੰਦਿਆਂ ਪਹਿਲੀ ਵਾਰ ਪ੍ਰਧਾਨ ਮੰਤਰੀ ਅਦਾਲਤੇ ਪੇਸ਼



ਯੇਰੂਸ਼ਲਮ, 24 ਮਈ, (ਪੋਸਟ ਬਿਊਰੋ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਉੱਤੇ ਭ੍ਰਿਸ਼ਟਾਚਾਰ ਦੇ ਕੇਸ ਦੀ ਸੁਣਵਾਈ ਅੱਜ ਐਤਵਾਰ ਸ਼ੁਰੂ ਹੋ ਗਈ ਹੈ। ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਹੋਏ ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਦੇ ਖਿਲਾਫ ਲਾਏ ਗਏ ਦੋਸ਼ ਬੇਬੁਨਿਆਦ ਹਨ ਅਤੇ ਉਹ ਸੱਚੇ ਸਾਬਤ ਹੋ ਕੇ ਨਿਕਲਣਗੇ। ਸਭ ਤੋਂ ਲੰਬਾ ਸਮਾਂ 11 ਸਾਲਾਂ ਤੋਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਉੱਤੇ ਨੇਤਨਯਾਹੂ ਉੱਤੇ ਇਸ ਅਹੁਦੇ ਉੱਤੇ ਹੋਣ ਦੌਰਾਨ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਹੋਣ ਦੇ ਨਾਲ ਉਹ ਇਹ ਨਮੋਸ਼ੀ ਝੱਲਣ ਵਾਲੇ ਇਸ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਹੋਣਗੇ। ਵਰਨਣ ਯੋਗ ਹੈ ਕਿ 70 ਸਾਲਾ ਨੇਤਨਯਾਹੂ ਉੱਤੇ ਭ੍ਰਿਸ਼ਟਾਚਾਰ ਕਰਨ, ਰਿਸ਼ਵਤ ਲੈਣ ਤੇ ਭਰੋਸਾ ਤੋੜਨ ਦੇ ਤਿੰਨ ਦੋਸ਼ ਲੱਗੇ ਹਨ। ਉਨ੍ਹਾਂ ਨੇ ਇਸੇ ਮਹੀਨੇ ਗੱਠਜੋੜ ਸਰਕਾਰ ਦੇ ਮੁਖੀ ਵਜੋਂ ਆਪਣਾ ਨਵਾਂ ਕਾਰਜਕਾਲ ਸ਼ੁਰੂ ਕੀਤਾ ਹੈ।

ਅੱਜ ਮੀਡੀਆ ਨਾਲ ਗੱਲਬਾਤ ਦੌਰਾਨ ਨੇਤਨਯਾਹੂ ਨੇ ਕਿਹਾ ਕਿ ਪਹਿਲੇ ਦਿਨ ਤੋਂ ਉਨ੍ਹਾਂ ਨੂੰ ਫਸਾਉਣ ਦੀ ਕੋਸ਼ਿਸ਼ ਹੋ ਰਹੀ ਸੀ, ਜਿਸ ਹੇਠ ਝੂਠੇ ਕੇਸ ਬਣਾਏ ਅਤੇ ਬੇਬੁਨਿਆਦ ਦੋਸ਼ ਲਾਏ ਗਏ ਸਨ। ਇਹ ਉਨ੍ਹਾਂ ਨੂੰ ਸੱਤਾ ਤੋਂ ਹਟਾਉਣ ਦੀ ਸਾਜ਼ਿਸ਼ ਹੈ। ਉਨ੍ਹਾਂ ਭਰੋਸੇ ਨਾਲ ਕਿਹਾ ਕਿ ਉਹ ਕਾਨੂੰਨੀ ਸੁਣਵਾਈ ਵਿੱਚ ਸਾਫ਼ ਨਿਕਲਣਗੇ। ਇਸ ਪਿੱਛੋਂ ਉਨ੍ਹਾਂ ਨੇ ਜੱਜਾਂ ਦੇ ਕਲਲ ਪੇਸ਼ ਹੋ ਕੇ ਆਪਣੇ ਉੱਤੇ ਲੱਗੇ ਦੋਸ਼ਾਂ ਦੇ ਅਧਿਐਨ ਕਰਨ ਤੇ ਉਨ੍ਹਾਂ ਨੂੰ ਸਮਝਣ ਲਈ ਸਮਾਂ ਮੰਗਿਆ। ਨੇਤਨਯਾਹੂ ਦੇ ਵਕੀਲ ਮੀਕਾ ਫੇਟਮੈਨ ਨੇ ਪ੍ਰਧਾਨ ਮੰਤਰੀ ਉੱਤੇ ਲੱਗੇ ਦੋਸ਼ਾਂ ਦੇ ਲੋੜੀਂਦੇ ਸਬੂਤ ਨਾ ਹੋਣ ਦੀ ਗੱਲ ਕਹੀ ਹੈ।

ਇਸ ਤੋਂ ਪਹਿਲਾਂ ਤਿੰਨ ਜੱਜਾਂ ਦੇ ਬੈਂਚ ਨੇ ਪਿਛਲੇ ਬੁੱਧਵਾਰ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ ਦਿੱਤੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਰੱਦ ਕਰ ਦਿੱਤੀ ਤੇ ਉਨ੍ਹਾ ਨੂੰ ਹੁਕਮ ਦਿੱਤਾ ਸੀ ਕਿ ਦੋਸ਼-ਪੱਤਰ ਪੜ੍ਹੇ ਜਾਣ ਵੇਲੇ ਅਦਾਲਤ ਵਿੱਚ ਮੌਜੂਦ ਹੋਣ। ਅਦਾਲਤ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਮਨਜ਼ੂਰ ਕਰਨਾ ਨਿਯਮਾਂ ਤੇ ਪ੍ਰੰਪਰਾ ਦੇ ਖ਼ਿਲਾਫ਼ ਹੈ, ਇਸ ਲਈ ਇਹ ਅਰਜ਼ੀ ਰੱਦ ਕੀਤੀ ਹੈ। ਨੇਤਨਯਾਹੂ ਨੇ ਹਾਜ਼ਰੀ ਤੋਂ ਛੋਟ ਲਈ ਕੋਵਿਡ-19 ਤੋਂ ਬਚਾਅ ਵਾਲੇ ਪ੍ਰਬੰਧਾਂ ਦਾ ਬਹਾਨਾ ਬਣਾਇਆ ਸੀ, ਪਰ ਅਦਾਲਤ ਨੇ ਮੰਨਿਆ ਨਹੀਂ ਸੀ।

# ਧੋਖਾਧੜੀ ਦੇ ਦੋਸ਼ ਵਿੱਚ ਸੋਨਾਕਸ਼ੀ ਖਿਲਾਫ ਦੋਸ਼ ਪੱਤਰ ਦਾਇਰ



ਮੁਰਾਦਾਬਾਦ, 24 ਮਈ (ਪੋਸਟ ਬਿਊਰੋ)- ਮੁਰਾਦਾਬਾਦ ਪੁਲਸ ਨੇ ਫਿਲਮ ਅਦਾਕਾਰਾ ਸੋਨਾਕਸ਼ੀ ਸਿਨਹਾ ਦੇ ਸਮੇਤ ਪੰਜ ਜਣਿਆਂ ਦੇ ਖਿਲਾਫ ਧੋਖਾਧੜੀ ਦੇ ਦੋਸ਼ 'ਚ ਕੋਰਟ 'ਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਅਦਾਲਤ 'ਚ ਦੋਸ਼ ਤੈਅ ਹੋਣ ਤੋਂ ਬਾਅਦ ਮੁਰਾਦਾਬਾਦ ਵਿੱਚ ਉਨ੍ਹਾਂ ਦੇ ਖਿਲਾਫ ਮੁਕੱਦਮਾ ਚੱਲੇਗਾ।

ਮੁਰਾਦਾਬਾਦ ਦੇ ਈਵੈਂਟ ਮੈਨੇਜਰ ਪ੍ਰਮੋਦ ਸ਼ਰਮਾ ਨੇ 30 ਸਤੰਬਰ 2018 ਨੂੰ ਸ੍ਰੀ ਫੋਰਟ ਆਡੀਟੋਰੀਅਮ, ਦਿੱਲੀ 'ਚ ਇੰਡੀਆ ਫੈਸ਼ਨ ਐਂਡ ਬਿਊਟੀ ਐਵਾਰਡ ਲਈ ਟੈਲੇਂਟ ਫੁੱਲਆਨ ਤੇ ਐਕਸੀਡ ਐਂਟਰਟੇਨਮੈਂਟ ਕੰਪਨੀ ਜ਼ਰੀਏ ਫਿਲਮ ਅਦਾਕਾਰਾ ਸੋਨਾਕਸ਼ੀ ਸਿਨਹਾ ਨੂੰ ਬੁਲਾਇਆ ਸੀ। ਸੋਨਾਕਸ਼ੀ ਨੇ ਪ੍ਰਮੋਸ਼ਨਲ ਵੀਡੀਓ ਵੀ ਜਾਰੀ ਕੀਤਾ ਅਤੇ 29.92 ਲੱਖ ਰੁਪਏ ਭੁਗਤਾਨ ਵੀ ਲੈ ਲਿਆ। ਟੈਲੇਂਟ ਫੁੱਲਆਨ ਦੇ ਅਭਿਸ਼ੇਕ ਸਿਨਹਾ ਨੂੰ ਛੇ ਲੱਖ 48 ਹਜ਼ਾਰ ਰੁਪਏ ਦਿੱਤੇ ਗਏ ਸਨ। ਇਸ ਤੋਂ ਬਾਅਦ ਸੋਨਾਕਸ਼ੀ ਪ੍ਰੋਗਰਾਮ ਵਿੱਚ ਨਹੀਂ ਗਈ। ਇਸ ਬਾਰੇ ਰਿਪੋਰਟ ਦਰਜ ਨਾ ਹੋਣ ਉਤੇ ਪੀੜਤ ਨੇ ਜਾਨ ਦੇਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਤਤਕਾਲੀ ਐੱਸ ਐੱਸ ਪੀ, ਜੇ ਰਵਿੰਦਰ ਗੌਡ ਦੇ ਹੁਕਮ ਉੱਤੇ ਸੋਨਾਕਸ਼ੀ ਸਿਨਹਾ ਸਮੇਤ ਟੈਲੇਂਟ ਫੁੱਲਆਨ ਅਤੇ ਐਕਸੀਡ ਐਂਟਰਟੇਨਮੈਂਟ ਕੰਪਨੀ ਦੇ ਪੰਜ ਜਣਿਆਂ ਦੇ ਖਿਲਾਫ ਧੋਖਾਧੜੀ ਦੇ ਦੋਸ਼ ਵਿੱਚ ਕੇਸ ਦਰਜ ਹੋਇਆ ਸੀ, ਪਰ ਪੁਲਸ ਇਸ ਨੂੰ ਮੁੰਬਈ ਟਰਾਂਸਫਰ ਕਰਨ ਦੇ ਚੱਕਰ ਵਿੱਚ ਸੀ। ਪੀੜਤ ਪ੍ਰਮੋਦ ਸ਼ਰਮਾ ਨੇ ਡੀ ਜੀ ਪੀ ਤੱਕ ਟਵੀਟ ਕਰ ਕੇ ਮਦਦ ਦੀ ਗੁਹਾਰ ਲਾਈ। ਇਸ ਦੇ ਬਾਅਦ ਬਿਆਨ ਦਰਜ ਕਰਵਾਉਣ ਲਈ ਅਦਾਕਾਰਾ ਸੋਨਾਕਸ਼ੀ ਸਿਨਹਾ 14 ਅਗਸਤ 2019 ਨੂੰ ਕਲਾਰਕ ਇਨ ਹੋਟਲ ਮੁਰਾਦਾਬਾਦ ਪਹੁੰਚੀ ਅਤੇ ਬਿਆਨ ਦਿੱਤੇ ਕਿ ਈਵੈਂਟ ਮੈਨੇਜਰ ਪ੍ਰਮੋਦ ਸ਼ਰਮਾ ਕੋਰਟ ਲਿਖਤੀ ਰੂਪ ਵਿੱਚ ਮੁਆਫੀ ਮੰਗ ਲੈਣ ਤਾਂ ਉਨ੍ਹਾਂ ਦਾ ਪੈਸਾ ਵਾਪਸ ਕਰਨ ਲਈ ਤਿਆਰ ਹਾਂ। ਉਨ੍ਹਾਂ ਸੋਸ਼ਲ ਮੀਡੀਆ 'ਤੇ ਕਾਫੀ ਕੂੜ ਪ੍ਰਚਾਰ ਕੀਤਾ ਹੈ। ਇਸ ਨਾਲ ਉਨ੍ਹਾਂ ਦੇ ਅਕਸ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਵੱਲੋਂ ਲਾਏ ਗਏ ਸਾਰੇ ਦੋਸ਼ ਪੂਰੀ ਤਰ੍ਹਾਂ ਨਾਲ ਬੇਬੁਨਿਆਦ ਹਨ।

# ਦੁਬਈ ਦੀਆਂ 70 ਫੀਸਦੀ ਕੰਪਨੀਆਂ ਛੇ ਮਹੀਨੇ ਵਿੱਚ ਬੰਦ ਹੋਣ ਦਾ ਡਰ ਪਿਆ

ਦੁਬਈ, 24 ਮਈ (ਪੋਸਟ ਬਿਊਰੋ)- ਦੁਬਈ ਚੈਂਬਰ ਆਫ ਕਾਮਰਸ ਦੇ ਇੱਕ ਸਰਵੇ ਅਨੁਸਾਰ ਦੁਬਈ ਦੇ ਤਕਰੀਬਨ ਛੇ ਮਹੀਨੇ ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੇ ਕਾਰਨ ਬੰਦ ਹੋ ਸਕਦੇ ਹਨ।

ਕੱਲ੍ਹ ਸ਼ਾਮ ਜਾਰੀ ਕੀਤੇ ਗਏ ਸਰਵੇ ਵਿੱਚ ਕਿਹਾ ਗਿਆ ਹੈ ਕਿ ਦੁਬਈ ਦੀਆਂ ਨੱਬੇ ਫੀਸਦੀ ਤੋਂ ਵੱਧ ਕੰਪਨੀਆਂ ਮੁਤਾਬਕ 2020 ਦੀ ਪਹਿਲੀ ਤਿਮਾਹੀ ਵਿੱਚ ਉਨ੍ਹਾਂ ਦੀ ਸੇਲ ਅਤੇ ਟਰਨ ਓਵਰ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਮਹਾਮਾਰੀ ਕਾਰਨ ਹੋਏ ਸੰਸਾਰਕ ਆਰਥਿਕ ਸੁਸਤੀ ਦਾ ਸਭ ਤੋਂ ਵੱਧ ਅਸਰ ਛੋਟੇ ਅਤੇ ਮੱਧਵਰਗੀ ਉਦਯੋਗਾਂ 'ਤੇ ਪਿਆ ਹੈ। ਟੂਰਿਜ਼ਮ ਖੇਤਰ ਨਾਲ ਜੁੜੀਆਂ ਜ਼ਿਆਦਾ ਕੰਪਨੀਆਂ ਰੀਅਲ ਅਸਟੇਟ ਦੀਆਂ ਅੱਧੇ ਤੋਂ ਜ਼ਿਆਦਾ ਕੰਪਨੀਆਂ, ਹੋਟਲ ਰੈਸਟੋਰੈਂਟ ਮਾਲਕਾਂ ਸਣੇ ਰਿਟੇਲ ਉਦਯੋਗਾਂ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕੰਮ ਵਿੱਚ ਸੱਤਰ ਫੀਸਦੀ ਦੀ ਗਿਰਾਵਟ ਆ ਚੁੱਕੀ ਹੈ ਅਤੇ ਦੂਸਰੀ ਤਿਮਾਹੀ ਦੇ ਨਤੀਜੇ ਹੋਰ ਵੀ ਭਿਆਨਕ ਹੋਣਗੇ। ਸਰਵੇ ਵਿੱਚ ਸ਼ਾਮਲ ਹੋਈਆਂ 48 ਫੀਸਦੀ ਕੰਪਨੀਆਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਕੋਲ ਇਸ ਮਹਾਮਾਰੀ ਤੋਂ ਪਾਰ ਪਾਉਣ ਦਾ ਕੋਈ ਤਿਆਰ ਪਲਾਨ ਨਹੀਂ ਹੈ। ਹਾਲਾਂਕਿ ਇਨ੍ਹਾਂ ਕੰਪਨੀਆਂ ਨੇ ਇਹ ਵੀ ਕਿਹਾ ਕਿ ਕੋਵਿਡ 19 ਦੇ ਕਹਿਰ ਨੂੰ ਸੀਮਿਤ ਕਰਨ ਲਈ ਉਨ੍ਹਾਂ ਨੇ ਕੁਝ ਉਪਾਅ ਕੀਤੇ ਹਨ ਤਾਂ ਕਿ ਉਨ੍ਹਾਂ ਦੇ ਮੁਲਾਜ਼ਮਾਂ 'ਤੇ ਇਸ ਦਾ ਘੱਟ ਅਸਰ ਪਵੇ।

# ਕੋਰੋਨਾ ਦਾ ਕਹਿਰ: ਅਮਰੀਕਾ ਨੇ ਰੇਮਡਿਸਵੀਅਰ ਦੀਆਂ 30 ਕਰੋੜ ਵੈਕਸੀਨ ਲੈਣ ਦਾ ਸੌਦਾ ਕੀਤਾ

### * ਵੈਕਸੀਨ ਦਾ ਟ੍ਰਾਇਲ ਹੋ ਰਿਹਾ ਦੱਸਿਆ ਗਿਐ



ਵਾਸ਼ਿੰਗਟਨ, 24 ਮਈ, (ਪੋਸਟ ਬਿਊਰੋ)- ਕੋਰੋਨਾ ਦੇ ਵਧਦੇ ਕੇਸਾਂ ਦਾ ਮੁਕਾਬਲਾ ਹਾਲੇ ਕੋਈ ਦੇਸ਼ ਪੂਰੀ ਤਰ੍ਹਾਂ ਨਹੀਂ ਕਰ ਸਕਿਆ ਤੇ ਡਾਕਟਰ ਅਤੇ ਸਿਹਤ ਖੇਤਰ ਦੇ ਜਾਣਕਾਰ ਦੱਸ ਰਹੇ ਹਨ ਕਿ ਜਦੋਂ ਤਕ ਇਸ ਵਾਇਰਸ ਦਾ ਵੈਕਸੀਨ ਨਹੀਂ ਬਣ ਜਾਂਦੀ, ਇਹ ਮਹਾਮਾਰੀ ਪੂਰੀ ਤਰ੍ਹਾਂ ਖਤਮ ਕਰਨਾ ਸੰਭਵ ਨਹੀਂ। ਦੁਨੀਆ ਦੀਆਂ ਮੁੱਖ ਕੰਪਨੀਆਂ ਕੋਰੋਨਾ ਦੀ ਦਵਾਈ ਤੇ ਵੈਕਸੀਨ ਵਿਕਸਿਤ ਕਰਨ ਦੇ ਲਈ ਰਾਤ-ਦਿਨ ਕੰਮ ਕਰ ਰਹੀਆਂ ਹਨ।

ਇਸ ਦੌਰਾਨ ਅਮਰੀਕਾ ਨੇ ਰੈਮਡਿਸੀਵਰ ਨਾਂ ਦੀ ਦਵਾਈ ਨੂੰ ਕੋਵਿਡ-19 ਦੇ ਇਲਾਜ ਦੀ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕਾ ਨੇ ਇਸ ਤੋਂ ਪਹਿਲਾਂ ਭਾਰਤ ਤੋਂ ਹਾਈਡ੍ਰੌਕਸੀਕਲੋਰੋਕੁਈਨ ਨਾਂ ਦੀ ਦਵਾਈ ਖਰੀਦ ਕੀਤੀ ਸੀ ਤੇ ਇਹ ਪ੍ਰਭਾਵੀ ਸਾਬਤ ਹੋਣ ਤੋਂ ਪਹਿਲਾਂ ਉਸ ਨੇ ਬ੍ਰਿਟਿਸ਼ ਫਾਰਮਾ ਕੰਪਨੀ ਏਸਟ੍ਰਾਜੇਨੇਕਾ ਤੋਂ 30 ਕਰੋੜ ਵੈਕਸੀਨ ਖਰੀਦਣ ਦਾ ਸੌਦਾ ਕਰ ਲਿਆ ਹੈ। ਅਜੇ ਤਕ ਕੋਈ ਟੀਕਾ ਕੋਰੋਨ ਵਾਇਰਸ ਤੋਂ ਪੂਰਾ ਪ੍ਰਭਾਵੀ ਨਹੀਂ ਹੋਇਆ। ਦੱਸਿਆ ਜਾਂਦਾ ਹੈ ਕਿ ਅਮਰੀਕਾ ਨੇ ਏਸਟ੍ਰਾਜੇਨੇਕਾ ਨਾਲ 1.2 ਅਰਬ ਡਾਲਰ ਦਾ ਸੌਦਾ ਕੀਤਾ ਹੈ ਤੇ ਅਮਰੀਕਾ ਦੇ ਸਿਹਤ ਮੰਤਰੀ ਅਲੇਕਸ ਅਜਾਰ ਨੇ ਇਸ ਨੂੰ ਬਹੁਤ ਖਾਸ ਦੱਸ ਕੇ ਕਿਹਾ ਕਿ ਇਸ ਨਾਲ 2021 ਤਕ ਟੀਕੇ ਦੇ ਪ੍ਰਭਾਵੀ ਹੋਣਾ ਯਕੀਨੀ ਕਰਨ ਦੀ ਮਦਦ ਮਿਲੇਗੀ। ਇਹ ਟੀਕਾ ਯੂਨੀਵਰਸਿਟੀ ਆਫ ਆਕਸਫੋਰਡ ਨੇ ਬਣਾਇਆ ਅਤੇ ਏਸਟ੍ਰਾਜੇਨੇਕਾ ਨੇ ਲਾਇਸੈਂਸ ਲਿਆ ਹੈ, ਪਰ ਅਜੇ ਕੋਵਿਡ-19 ਦਾ ਕਾਰਨ ਬਣਨ ਵਾਲੇ ਕੋਰੋਨਾ ਵਾਇਰਸ ਉੱਤੇ ਇਸ ਦਾ ਪ੍ਰਭਾਵ ਸਾਬਤ ਨਹੀਂ ਹੋਇਆ।

ਪਤਾ ਲੱਗਾ ਹੈ ਕਿ ਇਸ ਸੌਦੇ ਨਾਲ ਅਮਰੀਕਾ ਕਲੀਨੀਕਲ ਟ੍ਰਾਇਲ ਦੇ ਤੀਜੇ ਪੱਧਰ ਲਈ ਆਪਣੇ 30,000 ਲੋਕਾਂ ਦਾ ਟੈਸਟ ਕਰਵਾਏਗਾ। ਪਹਿਲੇ ਅਤੇ ਦੂਜੇ ਪੜਾਅ ਦੇ ਕਲੀਨੀਕਲ ਟ੍ਰਾਇਲ ਪਿਛਲੇ ਮਹੀਨੇ ਹੋਏ ਸਨ ਤੇ ਇਨ੍ਹਾਂ ਵਿੱਚ 18 ਤੋਂ 55 ਸਾਲ ਦੀ ਉਮਰ ਦੇ 1000 ਤੋਂ ਵੱਧ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ।

# ਵਿਕਟੋਰੀਆ'ਜ਼ ਸੀਕ੍ਰੇਟ ਅਮਰੀਕਾ ਅਤੇ ਕੈਨੇਡਾ ਵਿੱਚ ਆਪਣੇ ਇੱਕ ਚੌਥਾਈ ਸਟੋਰ ਬੰਦ ਕਰੇਗੀ

ਨਿਊ ਯਾਰਕ, 24 ਮਈ (ਪੋਸਟ ਬਿਊਰੋ)- ਵਿਕਟੋਰੀਆ'ਜ਼ ਸੀਕ੍ਰੇਟ ਵੱਲੋਂ ਅਗੇ ਕੁਝ ਮਹੀਨਿਆਂ ਦੌਰਾਨ ਅਮਰੀਕਾ ਅਤੇ ਕੈਨੇਡਾ ਵਿੱਚ ਆਪਣੇ ਇੱਕ ਚੌਥਾਈ ਸਟੋਰ ਪੱਕੇ ਤੌਰ 'ਤੇ ਬੰਦ ਕੀਤੇ ਜਾ ਰਹੇ ਹਨ।


ਇਸ ਕੰਪਨੀ ਨੂੰ ਪਿਛਲੇ ਹਫਤਿਆਂ ਦੌਰਾਨ ਇਹ ਦੂਜਾ ਵੱਡਾ ਝਟਕਾ ਹੋਵੇਗਾ। ਕੁਝ ਹਫਤੇ ਪਹਿਲਾਂ ਕੰਪਨੀ ਨੇ ਆਪਣੀ ਅਰਬਾਂ ਡਾਲਰ ਦੀ ਨਿਜੀਕਰਨ ਦੀ ਯੋਜਨਾ ਨੂੰ ਛੱਡਿਆ ਸੀ। ਕੰਪਨੀ ਦੇ ਮਾਲਕ ਐਲਵ ਬ੍ਰਾਂਡਜ਼ ਨੇ ਦੱਸਿਆ ਕਿ ਅਜੇ 250 ਸਟੋਰਾਂ ਨੂੰ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਕੁਝ ਸਾਲਾਂ ਦੇ ਦੌਰਾਨ ਕੰਪਨੀ ਆਪਣੇ ਕਈ ਹੋਰ ਸਟੋਰ ਵੀ ਬੰਦ ਕਰ ਦੇਵੇਗੀ। ਉਤਰੀ ਅਮਰੀਕਾ ਵਿੱਚ ਵੱਖ-ਵੱਖ ਸਥਾਨਾਂ 'ਤੇ ਵਿਕਟੋਰੀਆ'ਜ਼ ਸੀਕ੍ਰੇਟ ਦੇ 1100 ਤੋਂ ਵੱਧ ਸਟੋਰ ਹਨ। ਕੰਪਨੀ ਦੇ ਮੁੱਖ ਵਿੱਤੀ ਅਧਿਕਾਰੀ ਸਟੂਅਰਟ ਨੇ ਆਪਣੀ ਕੰਪਨੀ ਦੇ ਹੱਕ ਵਿੱਚ ਕਿਹਾ ਸਟੋਰਸ ਨੂੰ ਬੰਦ ਕਰਨ ਦਾ ਫੈਸਲਾ ਅਸਲ ਵਿੱਚ ਵਿਕਟੋਰੀਆ'ਜ਼ ਸੀਕ੍ਰੇਟ ਨੂੰ ਹੋਰ ਮਜ਼ਬੂਤ ਬਣਾਉਣ ਨਾਲ ਹੈ।

ਐਲ ਬ੍ਰਾਂਡਜ਼ ਨੇ ਕੁਝ ਸਮੇਂ ਪਹਿਲਾਂ ਇੱਕ ਪ੍ਰਾਈਵੇਟ ਫਰਮ ਨਾਲ ਨਿੱਜੀਕਰਨ ਬਾਰੇ ਇੱਕ ਸਮਝੌਤਾ ਕੀਤਾ ਸੀ, ਜੋ ਸਿਰੇ ਨਹੀਂ ਚੜ੍ਹ ਸਕਿਆ। ਉਨ੍ਹਾਂ ਕਿਹਾ ਕਿ ਕੰਪਨੀ ਆਪਣੇ ਪੰਜਾਹ ਬਾਥ ਐਂਡ ਬਾਡੀਜ਼ ਵਰਕਰਜ਼ ਸਟੋਰ ਵੀ ਬੰਦ ਕਰ ਦੇਵੇਗੀ। ਇਹ ਸਟੋਰ ਵੱਖ-ਵੱਖ ਮਾਲਜ਼ 'ਚ ਹਨ ਅਤੇ ਉਥੇ ਜ਼ਿਆਦਾ ਖਰੀਦਦਾਰ ਨਹੀਂ ਜਾਂਦੇ। ਸਟੋਰਾਂ ਨੂੰ ਬੰਦ ਕਰਨ ਦੇ ਬਾਵਜੂਦ ਬਾਥ ਐਂਡ ਬਾਡੀਜ਼ ਦੀ ਪਿਛਲੇ ਸਾਲ ਆਨਲਾਈਨ ਵਿਕਰੀ 85 ਫੀਸਦੀ ਵਧੀ। ਕੰਪਨੀ ਨੇ ਅਜੇ ਵੀ ਆਪਣੇ ਵੱਖ ਵੱਖ ਸੈਨੇਟਾਈਜ਼ਰ ਪ੍ਰੋਡਕਟਸ ਦੀ ਵਿਕਰੀ ਵਧਣ ਦੀ ਆਸ ਹੈ।

# ਕੋਰਟ ਵੱਲੋਂ ਅਨਿਲ ਅੰਬਾਨੀ ਨੂੰ 71.7 ਕਰੋੜ ਡਾਲਰ ਮੋੜਨ ਦਾ ਹੁਕਮ

ਲੰਡਨ, 24 ਮਈ (ਪੋਸਟ ਬਿਊਰੋ)- ਕਰਜ਼ੇ ਦੇ ਬੋਝ ਹੇਠ ਡੁੱਬੇ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਉੱਤੇ 5300 ਕਰੋੜ ਰੁਪਏ ਤੋਂ ਵੱਧ ਦੀ ਮਾਰ ਪਈ ਹੈ। ਬ੍ਰਿਟੇਨ ਦੀ ਅਦਾਲਤ ਨੇ ਅੰਬਾਨੀ ਨੂੰ ਹੁਕਮ ਦਿੱਤਾ ਹੈ ਕਿ ਉਹ ਚੀਨ ਦੇ ਤਿੰਨ ਬੈਂਕਾਂ ਨੂੰ ਕਰਜ਼ਾ ਸਮਝੌਤੇ ਹੇਠ 21 ਦਿਨਾਂ ਦੇ ਅੰਦਰ ਕਰੀਬ 71.7 ਕਰੋੜ ਡਾਲਰ ਦਾ ਭੁਗਤਾਨ ਕਰਨ। ਲੰਡਨ ਵਿੱਚ ਇੰਗਲੈਂਡ ਐਂਡ ਵੇਲਸ ਦੀ ਹਾਈ ਕੋਰਟ ਦੀ ਵਪਾਰਕ ਯੂਨਿਟ ਨੇ ਕਿਹਾ ਕਿ ਕਰਜ਼ੇ 'ਤੇ ਅੰਬਾਨੀ ਨੇ ਨਿੱਜੀ ਗਾਰੰਟੀ ਦਿੱਤੀ ਸੀ, ਜਿਸ ਤੋਂ ਇਸ ਭੁਗਤਾਨ ਲਈ ਉਹ ਬੱਝੇ ਹੋਏ ਹਨ। ਇੰਡਸਟਰੀਅਲ ਐਂਡ ਕਮਰਸ਼ੀਅਲ ਬੈਂਕ ਆਫ ਚਾਈਨਾ ਦੀ ਮੁੰਬਈ ਬ੍ਰਾਂਚ, ਚਾਈਨਾ ਡਿਵੈਲਪਮੈਂਟ ਬੈਂਕ ਤੇ ਐਕਜ਼ਿਮ ਬੈਂਕ ਆਫ ਚਾਈਨਾ ਇਹ ਮਾਮਲਾ ਬ੍ਰਿਟੇਨ ਦੀ ਹਾਈ ਕੋਰਟ ਵਿੱਚ ਲੈ ਕੇ ਗਏ ਸਨ। ਇੰਡਸਟਰੀਅਲ ਐਂਡ ਕਮਰਸ਼ੀਅਲ ਬੈਂਕ ਆਫ ਚਾਈਨਾ ਦੀ ਅਗਵਾਈ ਵਿੱਚ ਤਿੰਨਾਂ ਬੈਂਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸਾਲ 2012 ਵਿੱਚ ਅੰਬਾਨੀ ਨੂੰ ਇੱਕ ਕਰਜ਼ਾ ਮੋੜਨ ਦੇ ਲਈ ਉਨ੍ਹਾਂ ਦੀ ਨਿੱਜੀ ਗਾਰੰਟੀ 'ਤੇ ਕਰੀਬ 92.5 ਕਰੋੜ ਡਾਲਰ ਦਾ ਕਰਜ਼ਾ ਦਿੱਤਾ ਸੀ।



# ਚੀਨ ਦੇ ਸਖਤ ਕੌਮੀ ਸੁਰੱਖਿਆ ਕਾਨੂੰਨ ਵਿਰੁੱਧ ਹਾਂਗ ਕਾਂਗ ਦੇ ਲੋਕ ਸੜਕਾਂ ਉੱਤੇ ਉਤਰੇ

## * ਪੁਲਸ ਨੇ ਅੱਥਰੂ ਗੈਸ ਅਤੇ ਕਾਲੀ ਮਿਰਚ ਛਿੜਕੀ



ਹਾਂਗ ਕਾਂਗ, 24 ਮਈ, (ਪੋਸਟ ਬਿਊਰੋ)- ਚੀਨ ਸਰਕਾਰ ਵੱਲੋਂ ਬਣਾਏ ਜਾ ਰਹੇ ਨਵੇਂ ਸਖ਼ਤ ਕੌਮੀ ਸੁਰੱਖਿਆ ਕਾਨੂੰਨ ਦੇ ਖ਼ਿਲਾਫ਼ ਅੱਜ ਐਤਵਾਰ ਨੂੰ ਹਾਂਗ ਕਾਂਗ ਦੇ ਲੋਕ ਇਕ ਵਾਰ ਫਿਰ ਸੜਕਾਂ ਉੱਤੇ ਆ ਗਏ। ਪੁਲਿਸ ਨੇ ਭੀੜ ਨੂੰ ਭਜਾਉਣ ਦੇ ਲਈ ਅੱਥਰੂ ਗੈਸ ਅਤੇ ਕਾਲੀ ਮਿਰਚ ਦਾ ਪਾਊਡਰ ਵੀ ਸੁੱਟਿਆ ਗਿਆ।

ਵਰਨਣ ਯੋਗ ਹੈ ਕਿ ਹਾਂਗ ਕਾਂਗ ਵਿਚ ਇਹ ਨਵਾਂ ਸਖਤ ਕਾਨੂੰਨ ਲਾਗੂ ਹੋਣ ਮਗਰੋਂ ਇੱਥੇ ਚੀਨ ਦੇ ਖ਼ਿਲਾਫ਼ ਕੁਝ ਬੋਲਣਾ ਅਪਰਾਧ ਗਿਣਿਆ ਜਾਵੇਗਾ ਤੇ ਉਸ ਦੀ ਸਖ਼ਤ ਸਜ਼ਾ ਹੋਵੇਗੀ ਤੇ ਹਾਂਗ ਕਾਂਗ ਵਿਚ ਵਿਦੇਸ਼ੀ ਸਰਗਰਮੀਆਂ ਸੀਮਤ ਹੋ ਜਾਣਗੀਆਂ। ਕਿਹਾ ਜਾਂਦਾ ਹੈ ਕਿ ਇਸ ਨਾਲ ਓਥੋਂ ਦੀ ਆਰਥਿਕ ਹਾਲਤ ਵੀ ਪ੍ਰਭਾਵਤ ਹੋਵੇਗੀ। ਬ੍ਰਿਟੇਨ ਤੋਂ ਹਾਂਗ ਕਾਂਗ ਦੀ ਚੀਨ ਨੂੰ ਸ਼ਰਤਾਂ ਸਹਿਤ ਤਬਦੀਲੀ ਵੇਲੇ ਕਈ ਤਰ੍ਹਾਂ ਦੀਆਂ ਸੁਤੰਤਰ ਸਰਗਰਮੀਆਂ ਦੇ ਹੱਕ ਮਿਲੇ ਹਨ, ਜਿਹੜੇ ਚੀਨ ਦੀ ਮੇਨ-ਲੈਂਡ ਦੇ ਲੋਕਾਂ ਨੂੰ ਨਹੀਂ ਹਨ। ਸ਼ੁਰੂ ਵਿਚ ਵਿਵਾਦ ਵਾਲੇ 'ਨੈਸ਼ਨਲ ਐਂਥਮ ਬਿੱਲ' ਦੇ ਖ਼ਿਲਾਫ਼ ਅੱਜ ਐਤਵਾਰ ਰੈਲੀ ਕੀਤੀ ਗਈ, ਪ੍ਰੰਤੂ ਨਵੇਂ ਕੌਮੀ ਸੁਰੱਖਿਆ ਕਾਨੂੰਨ ਖ਼ਿਲਾਫ਼ ਹਾਂਗ ਕਾਂਗ ਵਿਚ ਗੁੱਸੇ ਹੇਠ ਵੱਡੀ ਗਿਣਤੀ ਵਿਚ ਲੋਕ ਕਾਜ਼ਵੇ-ਬੇ ਉੱਤੇ ਇਕੱਠੇ ਹੋ ਗਏ। ਉਨ੍ਹਾ ਨੇ ਕਾਲੇ ਕੱਪੜੇ ਪਾਏ ਸਨ ਅਤੇ 'ਸਟੈਂਡ ਵਿਦ ਹਾਂਗ ਕਾਂਗ', 'ਲਿਬਰੇਟ ਹਾਂਗ ਕਾਂਗ' ਅਤੇ 'ਰਿਵੋਲੂਸ਼ਨ ਆਫ ਅਵਰ ਟਾਈਮ' ਦੇ ਨਾਅਰੇ ਲਾ ਰਹੇ ਸਨ। ਪੁਲਿਸ ਨੇ ਉਨ੍ਹਾਂ ਨੂੰ ਚਲੇ ਜਾਣ ਨੂੰ ਕਿਹਾ, ਪਰ ਪਿੱਛੋਂ ਉਨ੍ਹਾਂ ਨੂੰ ਭਜਾਉਣ ਲਈ ਅੱਥਰੂ ਗੈਸ ਦੇ ਗੋਲ਼ੇ ਛੱਡਣ ਲੱਗ ਪਈ। ਇਸ ਮੌਕੇ ਪੁਲਿਸ ਨੇ ਕੋਰੋਨਾ ਵਾਇਰਸ ਦੇ ਕਾਰਨ ਸਰੀਰਕ ਦੂਰੀ ਦੇ ਨਿਯਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ ਪ੍ਰਸਿੱਧ ਅੰਦੋਲਨਕਾਰੀ ਤਾਮ ਤਾਕ ਚੀ ਨੂੰ ਗ੍ਰਿਫ਼ਤਾਰ ਕਰ ਲਿਆ।

ਅੱਜ ਐਤਵਾਰ ਦਾ ਵਿਰੋਧ ਪ੍ਰਦਰਸ਼ਨ ਪਿਛਲੇ ਸਾਲ ਸ਼ੁਰੂ ਹੋਏ ਲੋਕਤੰਤਰ ਪੱਖੀ ਅੰਦੋਲਨ ਦਾ ਹਿੱਸਾ ਹੈ। ਪਹਿਲਾਂ ਵੀ ਕਈ ਵਾਰ ਲੋਕਾਂ ਅਤੇ ਪੁਲਿਸ ਦੀ ਝੜਪ ਹੋਈ ਹੈ। ਬੀਤੇ ਸ਼ੁੱਕਰਵਾਰ ਤੋਂ ਚੀਨ ਦੀ ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋਇਆ ਅਤੇ ਓਸੇ ਦਿਨ ਇਹ ਨਵਾਂ ਕਾਨੂੰਨ ਪੇਸ਼ ਕੀਤਾ ਗਿਆ ਸੀ, ਜਿਸ ਦੇ 28 ਮਈ ਨੂੰ ਪਾਸ ਹੋਣ ਦੀ ਆਸ ਹੈ।

ਇਸ ਦੌਰਾਨ ਹਾਂਗ ਕਾਂਗ ਦੇ ਆਖਰੀ ਬ੍ਰਿਟਿਸ਼ ਗਵਰਨਰ ਕ੍ਰਿਸ ਪੈਟਨ ਨੇ ਕਿਹਾ ਹੈ ਕਿ ਚੀਨ ਨੇ ਹਾਂਗ ਕਾਂਗ ਨੂੰ ਧੋਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੀਨ ਨੇ ਅਰਧ ਖ਼ੁਦਮੁਖ਼ਤਾਰ ਖੇਤਰ ਦੀ ਆਜ਼ਾਦੀ ਦੀ ਗਾਰੰਟੀ ਦਿੱਤੀ ਸੀ, ਪ੍ਰੰਤੂ ਉਹ ਅੱਜ ਉਸ ਉੱਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। 'ਟਾਈਮਜ਼ ਆਫ ਲੰਡਨ' ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿਚ ਉਨ੍ਹਾਂ ਨੇ ਕਿਹਾ ਕਿ ਜੋ ਕੁਝ ਅਸੀਂ ਅੱਜਕੱਲ੍ਹ ਦੇਖ ਰਹੇ ਹਾਂ, ਉਹ ਚੀਨ ਦੀ ਨਵੀਂ ਤਾਨਾਸ਼ਾਹੀ ਹੈ। ਬ੍ਰਿਟੇਨ ਵਿੱਚ ਵੱਸਦੇ ਪੈਟਨ (76) ਨੇ ਕਿਹਾ ਕਿ ਬ੍ਰਿਟੇਨ ਦੀ ਨੈਤਿਕ, ਆਰਥਿਕ ਤੇ ਜੁਡੀਸ਼ਲ ਜ਼ਿੰਮੇਵਾਰੀ ਹੈ ਕਿ ਹਾਂਗ ਕਾਂਗ ਦੇ ਪੱਖ ਵਿਚ ਖੜ੍ਹਾ ਹੋਵੇ ਤੇ ਚੀਨ ਨੂੰ ਰੋਕੇ, ਕਿਉਂਕਿ 1984 ਵਿਚ ਹੋਏ ਸਮਝੌਤੇ ਵਿਚ ਓਦੋਂ ਦੇ ਚੀਨੀ ਪ੍ਰਧਾਨ ਮੰਤਰੀ ਝਾਓ ਜਿਆਂਗ ਨੇ ਹਾਂਗ ਕਾਂਗ ਅੰਦਰ ਖ਼ੁਦਮੁਖ਼ਤਾਰੀ ਕਾਇਮ ਰੱਖਣ ਦੀ ਗਾਰੰਟੀ ਦਿੱਤੀ ਸੀ।


jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ


ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification
Counterbalance Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜੁਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ




ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋਂ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਗੁਆਚਿਆ ਵਿਰਸਾ: ਹੱਥ ਚੱਕੀ

-ਡਾ. ਪ੍ਰਿਤਪਾਲ ਸਿੰਘ ਮਹਿਰੋਕ

ਕੋਈ ਸਮਾਂ ਹੁੰਦਾ ਸੀ, ਜਦੋਂ ਹੱਥ ਚੱਕੀ ਘਰੇਲੂ ਵਰਤੋਂ ਵਾਲੇ ਸਾਜ਼ੋ ਸਾਮਾਨ ਦਾ ਜ਼ਰੂਰੀ ਅੰਗ ਹੁੰਦੀ ਸੀ। ਉਹ ਘਰ ਦੀ ਲੋੜ ਵੀ ਹੁੰਦੀ ਸੀ ਤੇ ਸ਼ਿੰਗਾਰ ਵੀ ਮੰਨੀ ਜਾਂਦੀ ਸੀ। ਸਮੇਂ ਦੇ ਪਹੀਆ ਘੁੰਮਣ ਨਾਲ ਪੰਜਾਬੀ ਸੱਭਿਆਚਾਰ ਦਾ ਮਹੱਤਵ ਪੂਰਨ ਅੰਗ ਬਣੀ ਰਹੀ ਹੱਥ ਚੱਕੀ ਸਮੇਂ ਦੀ ਧੂੜ ਹੇਠ ਗੁੰਮ ਗਈ ਹੈ। ਹੁਣ ਲਗਭਗ ਉਸ ਦਾ ਵਜੂਦ ਹੀ ਖਤਮ ਹੋ ਗਿਆ ਹੈ। ਹੱਥ ਚੱਕੀਆਂ ਦੇ ਗਿੜਨ ਦੀ ਆਵਾਜ਼ ਗੁਆਚ ਗਈ ਹੈ। ਘਰਾਂ ਵਿੱਚ ਹੁਣ ਨਾ ਉਸ ਦੀ ਲੋੜ ਰਹੀ ਹੈ, ਨਾ ਸਥਾਨ।



ਬਜ਼ੁਰਗਾਂ ਦੀਆਂ ਯਾਦਾਂ ਵਿੱਚ ਉਹ ਵੇਲੇ ਅਜੇ ਤੱਕ ਜੀਵਤ ਹਨ, ਜਦੋਂ ਸੁਆਣੀਆਂ ਕੁੱਕੜ ਦੇ ਬਾਂਗ ਦੇਣ ਨਾਲ ਉਠ ਕੇ ਰੋਜ਼ ਦੇ ਰੁਝੇਵਿਆਂ ਵਿੱਚ ਰੁੱਝ ਜਾਂਦੀਆਂ ਸਨ। ਕੋਈ ਧਾਰ ਕੱਢਣ, ਕੋਈ ਚਾਟੀ ਵਿੱਚ ਮਧਾਣੀ ਪਾਉਣ, ਕੋਈ ਬਹੁਕਰ ਬੁਹਾਰੀ ਕਰਨ ਤੇ ਕੋਈ ਚੱਕੀ ਝੋਣ ਦੇ ਆਹਰ ਵਿੱਚ ਜੁਟ ਜਾਂਦੀ ਸੀ। ਬਹੁਤੀਆਂ ਸੁਆਣੀਆਂ ਤੜਕਸਾਰ ਹੱਥ ਚੱਕੀ ਨਾਲ ਕਣਕ, ਬਾਜਰੇ, ਮੱਕੀ ਤੇ ਹੋਰ ਕਈ ਤਰ੍ਹਾਂ ਦੇ ਮੋਟੇ ਅਨਾਜ ਨੂੰ ਪੀਹ ਕੇ ਸਵੇਰ ਦੇ ਕੰਮ ਦੇ ਇਕ ਹਿੱਸੇ ਨੂੰ ਨਿਪਟਾ ਲੈਂਦੀਆਂ ਸਨ। ਚੱਕੀ ਪੀਸਣ ਦਾ ਕੰਮ ਬਹੁਤ ਕਠਿਨ ਹੁੰਦਾ ਸੀ, ਫਿਰ ਵੀ ਸਰੀਰਕ ਕਸਰਤ ਦਾ ਵਧੀਆ ਵਸੀਲਾ ਜ਼ਰੂਰ ਹੁੰਦਾ ਸੀ। ਚੱਕੀ ਪੀਹਣ ਦੇ ਕੰਮ ਨੂੰ ਕਠਿਨ ਸਮਝਦਿਆਂ ਹੋਇਆਂ ਹੀ ਵੱਖ-ਵੱਖ ਸਮਿਆਂ ਦੇ ਹਾਕਮਾਂ ਵੱਲੋਂ ਕੈਦੀਆਂ ਨੂੰ ਚੱਕੀ ਪੀਸਣ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ।

ਪੰਜਾਬੀ ਲੋਕਧਾਰਾ ਵਿੱਚ ਚੱਕੀ ਪੀਹਣ ਦੇ ਔਖੇ ਕੰਮ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿੱਚ ਹੁੰਦਾ ਮਿਲ ਜਾਂਦਾ ਹੈ। ਆਮ ਹਾਲਾਤ ਵਿੱਚ ਘਰਾਂ ਵਿੱਚ ਸੁਆਣੀਆਂ ਵੱਲੋਂ ਕੀਤੇ ਜਾਂਦੇ ਕੰਮਾਂ ਨੂੰ ਘਰਾਂ ਦੀਆਂ ਧੀਆਂ ਆਪਣੀਆਂ ਮਾਵਾਂ, ਚਾਚੀਆਂ, ਤਾਈਆਂ, ਭਰਜਾਈਆਂ ਨੂੰ ਵੇਖ ਕੇ ਕਾਰ ਵਿਹਾਰਾਂ ਦੇ ਸਹਿਜ ਵਰਤਾਰੇ ਵਜੋਂ ਸਿੱਖ ਜਾਂਦੀਆਂ ਸਨ। ਮਾਵਾਂ ਆਪਣੀਆਂ ਧੀਆਂ ਨੂੰ ਕੰਮੀ ਕਾਰੀਂ ਜੁਟੀਆਂ ਰਹਿਣ ਵਿੱਚ ਵੇਖਣ ਨੂੰ ਪਸੰਦ ਕਰਦੀਆਂ ਸਨ। ਇਕ ਮਾਂ ਆਪਣੀ ਧੀ ਨੂੰ ਕਹਿੰਦੀ ਹੈ:

ਉਠ ਨੀ ਧੀਏ ਨਿੱਸਲ ਹੋ
ਚਰਖਾ ਛੱਡ ਤੇ ਚੱਕੀ ਝੋਅ।

ਮਾਵਾਂ, ਧੀਆਂ ਨੂੰ ਇਸ ਗੱਲ ਦਾ ਗਿਆਨ ਵੀ ਕਰਵਾ ਦਿੰਦੀਆਂ ਸਨ ਕਿ ਉਨ੍ਹਾਂ ਨੂੰ ਸਹੁਰੇ ਘਰ ਜਾ ਕੇ ਘਰ ਦੇ ਕਈ ਔਖੇ ਸੌਖੇ ਕੰਮ ਕਰਨੇ ਪੈਣੇ ਹਨ, ਇਥੋਂ ਤੱਕ ਕਿ ਚੱਕੀ ਵੀ ਪੀਹਣੀ ਪੈ ਸਕਦੀ ਹੈ:

ਮਾਪਿਆਂ ਨੇ ਤਾਂ ਰੱਖੀ ਲਾਡਲੀ
ਸਹੁਰਿਆਂ ਲਾ ਲਈ ਚੱਕੀ
ਨੀ ਮਾਂ ਦੀਏ ਲਾਡਲੀਏ
ਨੌਂ ਵਲ ਪੈਂਦੇ ਵੇਖੀ
ਨੀ ਮਾਂ ਦੀਏ ਲਾਡਲੀਏ..

ਸਪੱਸ਼ਟ ਹੈ ਕਿ ਚੱਕੀ ਪੀਸਣਾ ਬਹੁਤਾ ਔਖਾ ਅਤੇ ਹੱਠ ਨਾਲ ਕੀਤਾ ਜਾਣ ਵਾਲਾ ਕੰਮ ਹੁੰਦਾ ਸੀ।

ਹੱਥ ਚੱਕੀ ਅਕਸਰ ਦੋ ਕੁ ਫੁੱਟ ਦੇ ਕਰੀਬ ਦੇ ਗੋਲ ਆਕਾਰੀ ਪੱਥਰਾਂ ਦੇ ਟੁਕੜਿਆਂ ਨਾਲ ਬਣਾਇਆ ਗਿਆ ਸੰਦ ਹੁੰਦੀ ਸੀ। ਪੱਥਰ ਦੇ ਉਹ ਟੁਕੜੇ ਬਰਾਬਰ ਆਕਾਰ ਦੇ ਹੁੰਦੇ ਸਨ। ਉਪਰਲੇ ਪੱਥਰ ਦੇ ਇਕ ਸਿਰੇ 'ਤੇ ਲੱਕੜ ਦਾ ਗੋਲ ਡੰਡਾ ਮਜ਼ਬੂਤੀ ਨਾਲ ਲਾਇਆ ਗਿਆ ਹੁੰਦਾ ਸੀ, ਜਿਸ ਨੂੰ ਮੁੱਠਾ ਕਿਹਾ ਜਾਂਦਾ ਸੀ। ਇਸ ਮੁੱਠੇ ਕੋਲੋਂ ਚੱਕੀ ਦੇ ਉਪਰਲੇ ਪੁੜ ਨੂੰ ਘੁੰਮਾਉਣ ਦਾ ਕੰਮ ਲਿਆ ਜਾਂਦਾ ਸੀ। ਚੱਕੀ ਦੇ ਹੇਠਲੇ ਪੁੜ ਦੇ ਨਾਲ ਕੱਚੀ ਮਿੱਟੀ ਦੀ ਗੁਲਾਈਦਾਰ ਮਾਥ ਬਣਾਈ ਜਾਂਦੀ ਸੀ, ਜਿਸ ਵਿੱਚ ਚੱਕੀ ਵਿੱਚ ਪੀਸੀ ਜਾ ਰਹੇ ਅਨਾਜ ਦਾ ਆਟਾ ਇਕੱਠਾ ਹੁੰਦਾ ਜਾਂਦਾ ਸੀ। ਮਾਥ ਦੇ ਟੁੱਟਣ ਦੇ ਡਰ ਹਮੇਸ਼ਾ ਬਣਿਆ ਰਹਿੰਦਾ ਸੀ, ਇਸ ਲਈ ਚੱਕੀ ਪੀਸਣ ਵਾਲੀਆਂ ਔਰਤਾਂ ਚੱਕੀ ਦੀ ਮਾਥ ਦੀ ਸੰਭਾਲ ਨੂੰ ਵਿਸ਼ੇਸ਼ ਧਿਆਨ ਦਿੰਦੀਆਂ ਸਨ। ਮਾਥ ਦੇ ਟੁੱਟਣ 'ਤੇ ਉਸ ਮੁੜ ਚੀਕਣੀ ਮਿੱਟੀ ਨਾਲ ਬਣਾਉਣਾ ਪੈਂਦਾ ਸੀ, ਜੋ ਬਹੁਤ ਔਖਾ ਕੰਮ ਹੁੰਦਾ ਸੀ ਤੇ ਉਸ ਉਪਰ ਸਮਾਂ ਤੇ ਮਿਹਨਤ ਵੀ ਬਹੁਤ ਲੱਗਦੀ ਸੀ। ਜੇ ਕਿਧਰੇ ਅਜਿਹਾ ਕੰਮ ਨੂੰਹਾਂ ਨੂੰ ਕਰਨਾ ਪੈ ਜਾਂਦਾ ਸੀ ਤਾਂ ਉਹ ਆਪਣਾ ਗੁੱਸਾ ਸੱਸਾਂ ਉਤੇ ਕੱਢਦੀਆਂ ਸਨ:

ਛਾਵੜੀਏਂ-ਛਾਵੜੀਏਂ ਗਾਰਾ ਢੋਵਾਂ
ਗਾਰਾ ਲਾਵਾਂ ਚੱਕੀ ਨੂੰ
ਰੱਬ ਚੁੱਕ ਲਏ
ਸੱਸ ਕੁਪੱਤੀ ਨੂੰ!

ਸਮਾਂ ਅਤੇ ਸਮਾਜ ਪਰਿਵਰਤਨਸ਼ੀਲ ਹੁੰਦਾ ਹੈ। ਵੇਖਦਿਆਂ-ਵੇਖਦਿਆਂ ਹੀ ਦਿਨਾਂ, ਮਹੀਨਿਆਂ, ਸਾਲਾਂ ਵਿੱਚ ਬਹੁਤ ਕੁਝ ਬਦਲ ਜਾਂਦਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਜਿੰਨੀ ਤੇਜ਼ ਗਤੀ ਨਾਲ ਸਮਾਜਿਕ ਪਰਿਵਰਤਨ ਹੋਇਆ ਹੈ, ਉਹ ਹੈਰਾਨ ਕਰਨ ਵਾਲਾ ਹੈ। ਪੰਜਾਹਵਿਆਂ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਇੰਜਣ ਨਾਲ ਚੱਲਣ ਵਾਲੀਆਂ ਆਟਾ ਚੱਕੀਆਂ ਮੈਂ ਆਪਣੀ ਅੱਖੀਂ ਵੇਖੀਆਂ ਹਨ। ਉਨ੍ਹਾਂ ਚੱਕੀਆਂ ਦੇ ਚੱਲ ਰਹੇ ਇੰਜਣ ਦੇ ਨਿਕਾਸੀ ਦਬਾਓ ਵਾਲੀ ਪਾਈਪ ਦੇ ਉਪਰਲੇ ਸਿਰੇ 'ਤੇ ਲੱਗੇ ਲੀਵਰ ਦੇ ਹਰਕਤ ਵਿੱਚ ਆਉਣ ਨਾਲ ਵਿਸ਼ੇਸ਼ ਤਰ੍ਹਾਂ ਦੀ ਆਵਾਜ਼ ਦੀ ਉਤਪਤੀ ਹੁੰਦੀ ਸੀ, ਜੋ ਦੂਰ-ਦੂਰ ਤੱਕ ਸੁਣਾਈ ਦਿੰਦੀ ਸੀ। ਉਸ ਆਵਾਜ਼ ਨੂੰ ਸੁਣ ਕੇ ਲੋਕ ਦੂਰੋਂ ਹੀ ਆਟਾ ਚੱਕੀ ਦੇ ਚੱਲ ਰਹੀ ਹੋਣ ਦਾ ਅੰਦਾਜ਼ਾ ਲਾ ਲਿਆ ਕਰਦੇ ਸਨ। ਫਿਰ ਬਿਜਲੀ ਨਾਲ ਚੱਲਣ ਵਾਲੀਆਂ ਚੱਕੀਆਂ ਚੱਲ ਪਈਆਂ, ਜਿਨ੍ਹਾਂ ਦਾ ਅੱਜ ਕੱਲ੍ਹ ਪੂਰਾ ਬੋਲ ਬਾਲਾ ਹੈ। ਇਹ ਆਟਾ ਚੱਕੀਆਂ ਸਮੇਂ ਦੇ ਬਦਲਣ ਵੱਲ ਸੰਕੇਤ ਕਰਨ ਦੀਆਂ ਪ੍ਰਤੀਕ ਬਣ ਗਈਆਂ ਸਨ।

ਵਿਆਹ ਵਾਲੇ ਘਰ ਵਿੱਚ ਸੱਤ ਚੱਕੀਆਂ ਮੰਗਵਾ ਲਈਆਂ ਜਾਂਦੀਆਂ ਤੇ ਸੱਤ ਸੁਹਾਗਣਾਂ ਰਲ ਕੇ ਅਨਾਜ ਤੇ ਵਿਆਹ ਲਈ ਲੋੜੀਂਦਾ ਹੋਰ ਅਨਾਜ ਪੀਂਹਦੀਆਂ ਸਨ। ਇਸ ਰੀਤ ਨੂੰ ਸੁਹਾਗਣ ਚੱਕੀ ਵੀ ਕਿਹਾ ਜਾਂਦਾ ਸੀ। ਕਈ ਵਾਰ ਅੜਬ ਤੇ ਲੜਾਕੇ ਪਤੀ ਦੇ ਵੱਸ ਪਈਆਂ ਪਤਨੀਆਂ ਨੂੰ ਘਰ ਦੇ ਕਈ ਕੰਮ ਕਰਦਿਆਂ ਹੋਣ ਦੇ ਬਾਵਜੂਦ ਪਤੀ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਪਤਨੀ ਆਪਣੇ ਕੀਤੇ ਕੰਮ ਗਿਣਵਾਉਂਦੀ ਤਾਂ ਪਤੀ ਫਿਰ ਵੀ ਉਸ ਉਤੇ ਗੁੱਸਾ ਝਾੜਦਾ ਰਹਿੰਦਾ ਸੀ:

ਤੜਕੇ ਉਠ ਚੱਕੀ ਝੋਅ ਲੈਂਦੀ
ਦੁੱਧ ਰਿੜਕ ਕੇ ਧਾਰਾਂ ਚੋ ਲੈਂਦੀ
ਮੱਥੇ ਵੱਟ ਪਾਏ ਬਿਨਾਂ ਚੰਨਾ
ਮੈਂ ਸਿਰ 'ਤੇ ਕੂੜਾ ਢੋਅ ਲੈਂਦੀ
ਜ਼ਖਮਾਂ ਦੇ ਹੁਣ ਹੌਲੀ-ਹੌਲੀ
ਬਣਦੇ ਜਾਣ ਨਸੂਰ
ਵੇ ਨਾ ਮਾਰ ਜ਼ਾਲਮਾਂ ਵੇ
ਪੇਕੇ ਤੱਤੜੀ ਦੇ ਦੂਰ..

ਸਮਾਂ ਬਦਲ ਗਿਆ ਹੈ। ਨਵੀਆਂ ਕਾਢਾਂ ਮਨੁੱਖ ਦੇ ਰਹਿਣ ਸਹਿਣ ਦੇ ਢੰਗ ਤਰੀਕਿਆਂ ਵਿੱਚ ਤੇ ਜੀਵਨਸ਼ੈਲੀ ਵਿੱਚ ਬਹੁਤ ਵੱਡੇ ਪੱਧਰ 'ਤੇ ਪਰਿਵਰਤਨ ਲੈ ਆਈਆਂ ਹਨ। ਜਦੋਂ ਘਰ ਤੇ ਰਸੋਈ ਦੇ ਬਹੁਤੇ ਕੰਮ ਬਿਜਲੀ ਨਾਲ ਚੱਲਦੀਆਂ ਸਵੈ ਚਾਲਕ ਮਸ਼ੀਨਾਂ ਨਾਲ ਹੋਣ ਲੱਗ ਪਏ ਤਾਂ ਅਜੋਕੀ ਪੀੜ੍ਹੀ ਹੱਥ ਚੱਕੀ ਦੀ ਗੱਲ ਸੁਣਨੀ ਵੀ ਪਸੰਦ ਨਹੀਂ ਕਰੇਗੀ। ਗੁਆਚੇ ਵਿਰਸੇ ਦੇ ਉਹ ਸੰਦ ਕਿਧਰੇ ਅਜਾਇਬ ਘਰਾਂ ਵਿੱਚ, ਤਸਵੀਰਾਂ ਵਿੱਚ ਜਾਂ ਫਿਲਮਾਂ ਵਿੱਚ ਹੀ ਵੇਖੇ ਜਾ ਸਕਣਗੇ।

# ਬਨਾਉਟੀ ਵਾਤਾਵਰਣ ਵਿਚ ਜਿਉਂਣਾ ਪਸੰਦ ਕਰ ਰਿਹਾ ਹੈ ਮਨੁੱਖ

ਸੁਖਵਿੰਦਰ ਰਾਜ

ਅੱਜਕੱਲ੍ਹ ਦੀ ਭੱਜ ਦੌੜ ਭਰੀ ਜ਼ਿੰਦਗੀ ਵਿਚ ਜਿੱਥੇ ਮਾਨਸਿਕ ਥਕਾਵਟ ਦਾ ਲੋਕ ਸ਼ਿਕਾਰ ਹੋ ਰਹੇ ਨੇ ਓਥੇ ਹੀ ਸਮੇਂ ਦੀ ਘਾਟ ਕਾਰਨ ਕੁਦਰਤ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ। ਅੱਜਕੱਲ੍ਹ ਕਿਸੇ ਕੋਲ ਵੀ ਕੁਦਰਤ ਦੇ ਦਿਲਕਸ਼ ਨਜ਼ਾਰੇ ਮਾਣਨ ਅਤੇ ਇਸ ਦੀ ਖੂਬਸੂਰਤੀ ਅਤੇ ਅਹਿਸਾਸ ਨੂੰ ਮਹਿਸੂਸ ਕਰਨ ਦੀ ਵਿਹਲ ਨਹੀਂ ਹੈ। ਇਹ ਵੀ ਇਨਸਾਨੀ ਸੁਭਾਅ ਹੀ ਹੈ ਕਿ ਜਿਸ ਚੀਜ਼ ਦੀ ਇਨਸਾਨ ਨੂੰ ਜ਼ਰੂਰਤ ਨਾ ਹੋਵੇ ਜਾਂ ਜੋ ਚੀਜ਼ ਇਨਸਾਨ ਕੋਲੋਂ ਲੋੜ ਤੋਂ ਵੱਧ ਹੋਵੇ ਉਹ ਉਸ ਚੀਜ਼ ਦੀ ਕਦਰ ਨਹੀਂ ਕਰਦਾ। ਪ੍ਰੰਤੂ ਉਸ ਦੀ ਕੀਮਤ ਦਾ ਅਹਿਸਾਸ ਇਨਸਾਨ ਨੂੰ ਉਸ ਸਮੇਂ ਹੁੰਦਾ ਹੈ ਜਦੋਂ ਉਹ ਇਸ ਨੂੰ ਖੋ ਬੈਠਦਾ ਹੈ।

ਇਸੇ ਤਰਾਂ ਹੀ ਇਨਸਾਨ ਨੇ ਆਪਣੇ ਜਿਉਣ ਦਾ ਇਕ ਘੇਰਾ ਬਣਾ ਲਿਆ, ਇਕ ਦਾਇਰਾ ਬਣਾ ਲਿਆ। ਉਹ ਉਸੇ ਇਕ ਸੀਮਤ ਦਾਇਰੇ ਵਿਚ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਇਕ ਬੰਦਾ ਦਫ਼ਤਰ ਦੇ ਏ.ਸੀ ਕਮਰੇ ਵਿਚ ਬੈਠਾ ਹੈ, ਕਮਰੇ ਤੋਂ ਨਿੱਕਲ ਕੇ ਉਹ ਏ.ਸੀ ਕਾਰ ਵਿਚ ਬੈਠ ਜਾਵੇਗਾ, ਘਰ ਪਹੁੰਚ ਕੇ ਕਾਰ ਤੋਂ ਉੱਤਰ ਕੇ ਉਹ ਆਪਣੇ ਘਰ ਦੇ ਏ.ਸੀ ਕਮਰੇ ਵਿਚ ਚਲਾ ਜਾਵੇਗਾ। ਉਹ ਏ.ਸੀ ਦਾ ਆਦੀ ਹੈ ਅਤੇ ਉਸ ਨੂੰ ਕੂਲਰ ਅੱਗੇ ਵੀ ਸ਼ਾਇਦ ਨੀਂਦ ਨਾ ਆਵੇ। ਕਿਉਂਕਿ ਸਾਡਾ ਜੋ ਸ਼ਰੀਰ ਹੈ ਉਹ ਉਸੇ ਤਰਾਂ ਦਾ ਬਣ ਜਾਂਦਾ ਹੈ ਜਿਸ ਤਰਾਂ ਅਸੀਂ ਉਸ ਨੂੰ ਬਣਾ ਲੈਂਦੇ ਹਾਂ। ਇਕ ਸਮਾਂ ਸੀ ਪੂਰੀ ਪੂਰੀ ਰਾਤ ਅਤੇ ਗਰਮੀਆਂ ਦੀਆਂ ਸਿਖਰ ਦੁਪਹਿਰਾਂ ਲੋਕ ਪੱਖੀਆਂ ਝੱਲ ਕੇ ਜਾਂ ਦਰਖਤਾਂ ਦੀ ਛਾਵੇਂ ਲੇਟ ਕੇ ਬਿਤਾ ਦਿੰਦੇ ਸੀ। ਜੇਕਰ ਅਸੀਂ ਹੁਣ ਕੂਲਰ ਦੀ ਵਰਤੋ ਕਰਨ ਲੱਗ ਗਏ ਹਾਂ ਤਾਂ ਸਾਡਾ ਸਰੀਰ ਪੱਖੇ ਨੂੰ ਵੀ ਨਾਂਹ ਕਰੇਗਾ ਅਤੇ ਜੇਕਰ ਅਸੀਂ ਏ.ਸੀ ਦੇ ਆਦੀ ਹੋ ਗਏ ਹਾਂ ਤਾਂ ਸਾਡਾ ਸ਼ਰੀਰ ਕੂਲਰ ਦੀ ਠੰਡੀ ਹਵਾ ਨੂੰ ਵੀ ਗਰਮ ਮਹਿਸੂਸ ਕਰੇਗਾ। ਸਾਡੀਆਂ ਕਾਰਾਂ ਵਿਚ ਏ.ਸੀ ਹੈ ਕਿਉਂਕਿ ਅਸੀਂ ਗਰਮੀ ਤੋਂ ਦੂਰ ਰਹਿਣਾ ਚਾਹੁੰਦੇ ਹਾਂ ਪਰ ਅਸੀਂ ਇਹ ਨਹੀਂ ਸੋਚਦੇ ਕਿ ਸਾਡੀ ਕਾਰ ਅੰਦਰਲਾ ਵਾਤਾਵਰਨ ਜਿੰਨਾ ਠੰਡਾ ਹੈ ਉਸ ਤੋਂ ਕਿਤੇ ਗੁਣਾ ਜ਼ਿਆਦਾ ਸਾਡੀ ਕਾਰ ਬਾਹਰ ਵੱਲ ਨੂੰ ਤਾਪਮਾਨ ਛੱਡ ਰਹੀ ਹੈ ਜੋ ਆਉਣ ਵਾਲੇ ਸਮੇਂ ਵਿਚ ਧਰਤੀ ਲਈ ਬਹੁਤ ਹੀ ਖ਼ਤਰਨਾਕ ਸਿੱਧ ਹੋ ਸਕਦਾ ਹੈ। ਤੁਸੀਂ ਅੱਖੀਂ ਦੇਖਿਆ ਹੋਵੇਗਾ ਵੱਡੇ ਘਰਾਂ ਵਿਚ ਜਿੱਥੋਂ ਦੀਆਂ ਔਰਤਾਂ ਨੇ ਸਿਰਫ਼ ਸੌਣ ਲਈ ਹੀ ਕਮਰਿਆਂ ਵਿਚ ਏ.ਸੀ ਲਗਵਾਏ ਹੋਏ ਹਨ। ਐਨਾ ਜ਼ਿਆਦਾ ਅਸੀਂ ਸਰੀਰ ਨੂੰ ਆਰਾਮ ਦੇਣ ਲੱਗ ਪਏ ਕਿ ਵਾਤਾਵਰਣ ਦਾ ਖ਼ਿਆਲ ਕਦੇ ਨਹੀਂ ਕੀਤਾ। ਇਹ ਵਹਿਮ ਹੈ ਕਿ ਅੱਜ ਗਰਮੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪੈਂਦੀ ਹੈ। ਗਰਮੀ ਓਨੀ ਹੀ ਹੋਣੀ ਸੀ ਪਰ ਇਸ ਦੇ ਜ਼ਿੰਮੇਵਾਰ ਅਸੀਂ ਖੁਦ ਹਾਂ। ਅਸੀਂ ਇਕ ਸੀਮਤ ਦਾਇਰੇ ਵਿਚ ਬੈਠ ਕੇ ਆਪਣੀ ਮਨਪਸੰਦ ਦਾ ਵਾਤਾਵਰਨ ਬਣਾ ਲਿਆ। ਸਰਦੀ ਆਈ ਤਾਂ ਹੀਟਰ ਲਗਾ ਕੇ ਬੈਠ ਗਏ ਅਤੇ ਗਰਮੀ ਆਈ ਤਾਂ ਏ.ਸੀ ਲਗਾ ਲਿਆ। ਕਾਰ ਵਿਚ ਬੈਠੇ ਤਾਂ ਆਪਣੀ ਪਸੰਦ ਦਾ ਵਾਤਾਵਰਨ ਬਣਾ ਲਿਆ। ਸਬਮਰਸੀਬਲ ਮੋਟਰਾਂ ਜੋ ਕਿ ਟਿਊਬਵੈਲ ਦੀ ਤਰਾਂ ਬੇਫਾਲਤੂ ਪਾਣੀ ਦਾ ਵਹਾਅ ਕਰਦੀਆਂ ਹਨ। ਚੰਦ ਕੁ ਕੱਪੜੇ, ਫਰਸ਼ ਜਾਂ ਆਪਣੀ ਕਾਰ, ਮੋਟਰਸਾਇਕਲ ਧੋਣ ਲਈ ਅਸੀਂ ਸਬਮਰਸੀਬਲ ਛੱਡ ਕੇ ਪਾਣੀ ਦੀ ਦੁਰਵਰਤੋਂ ਕਰ ਰਹੇ ਹਾਂ। ਇਹ ਵੀ ਇਨਸਾਨ ਦੇ ਇਕ ਦਾਇਰੇ ਦੀ ਉਦਾਹਰਣ ਹੈ ਕਿਉਂਕਿ ਇਨਸਾਨ ਹੁਣ ਨਲਕਾ ਗੇੜਨ ਦੀ ਵੀ ਮੁਸ਼ੱਕਤ ਨਹੀਂ ਕਰ ਸਕਦਾ ਅਤੇ ਨਾ ਹੀ ਹੁਣ ਨਲਕਾ ਕੰਮ ਕਰੇ। ਇਸ ਦਾ ਕਾਰਨ ਹੈ ਕਿ ਸਾਡੀ ਦੁਰਵਰਤੋਂ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋਂ ਦਿਨ ਗਹਿਰਾ ਹੁੰਦਾ ਜਾ ਰਿਹਾ ਹੈ।

ਸਾਨੂੰ ਆਪਣੀ ਲੋੜ ਮੁਤਾਬਕ ਸਭ ਸੁਖ ਸਹੂਲਤਾਂ ਲੈਣੀਆਂ ਚਾਹੀਦੀਆਂ ਹਨ ਪ੍ਰੰਤੂ ਜਿੰਨੀ ਕੁ ਨਾਲ ਸਰ ਸਕੇ ਓਨੀ ਨਾਲ ਸਾਰ ਵੀ ਲੈਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਮੇਰੇ ਕੋਲ ਵਾਧੂ ਪੈਸੇ ਨੇ ਕੂਲਰ ਕੀ ਕਰਨਾ ਏ.ਸੀ ਲੈ ਲੈਂਦੇ ਹਾਂ। ਜਦਕਿ ਕੂਲਰ ਨਾਲ ਸਰਦਾ ਵੀ ਹੋਵੇ। ਅਸੀਂ ਕੁਦਰਤ ਦਾ ਨਾਸ਼ ਜ਼ਰੂਰ ਕਰ ਰਹੇ ਹਾਂ ਪਰ ਆਪਣੇ ਵੱਲੋਂ ਕੁਦਰਤ ਦੀ ਖੁਸ਼ਹਾਲੀ ਲਈ ਬਣਦਾ ਯੋਗਦਾਨ ਕੋਈ ਨਹੀਂ ਪਾ ਰਹੇ। ਵੱਡੇ ਵੱਡੇ ਦਰਖਤ ਕੱਟ ਕੇ, ਵੱਡੀਆਂ ਵੱਡੀਆਂ ਕੋਠੀਆਂ ਪਾ ਕੇ ਕੁਦਰਤ ਦੇ ਨੇੜੇ ਤਾਂ ਕੀ ਰਹਿਣਾ ਸੀ, ਇਨਸਾਨ ਇਨਸਾਨ ਤੋਂ ਵੀ ਦੂਰ ਰਹਿਣ ਲੱਗ ਪਿਆ ਹੈ। ਇਸ ਤਰਾਂ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਲੋਕ ਬਿਮਾਰੀਆਂ ਨਾਲ ਘਿਰ ਜਾਂਦੇ ਹਨ ਕਿਉਂਕਿ ਜੇ ਅਸੀਂ ਕੁਦਰਤ ਨਾਲ ਖਿਲਵਾੜ ਕਰਦੇ ਹਾ ਤਾਂ ਸਮਾਂ ਪਾ ਕੇ ਕੁਦਰਤ ਵੀ ਸਾਡੇ ਨਾਲ ਖਿਲਵਾੜ ਕਰੇਗੀ। ਜਿੱਥੇ ਕੁਦਰਤ ਦੀ ਖੂਬਸੂਰਤੀ ਵਿਸ਼ਾਲ ਹੈ ਓਥੇ ਹੀ ਕੁਦਰਤ ਦੀ ਮਾਰ ਦਾ ਵੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਹ ਧਰਤੀ ਜੋ ਆਪਣੇ ਉਮਰ ਸਾਰਾ ਜਨ-ਜੀਵਨ ਚੁੱਕੀ ਫਿਰਦੀ ਹੈ ਕਦੋਂ ਆਪਣੇ ਅੰਦਰ ਸਮਾ ਲਏਗੀ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਸੋ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਕੁਦਰਤ ਦੇ ਨੇੜੇ ਆਉਣ ਦੀ ਲੋੜ ਹੈ। ਆਪਣੇ ਸਰੋਤ ਜੋ ਕੁਦਰਤ ਨੂੰ ਨੁਕਸਾਨ ਪਹੁੰਚਾਉਂਦੇ ਨੇ ਉਨ੍ਹਾਂ ਨੂੰ ਸੀਮਤ ਕਰਨ ਦੀ ਲੋੜ ਹੈ। ਕੁਦਰਤ ਹੈ ਤਾਂ ਜੀਵਨ ਹੈ, ਜੀਵਨ ਸੰਭਵ ਹੈ ਤਾਂ ਅਸੀਂ ਹਾਂ।

# ਇਕ ਦਿਨ ਸੈਲ ਫੋਨ ਤੋਂ ਬਗੈਰ..

-ਅਵਤਾਰ ਸਿੰਘ ਸੌਜਾ

ਹੋਇਆ ਇਉਂ ਕਿ ਇਕ ਦਿਨ ਦਫਤਰ ਕੰਮ 'ਤੇ ਜਾਂਦੇ ਹੋਏ ਕਾਹਲੀ-ਕਾਹਲੀ ਮੋਬਾਈਲ ਫੋਨ ਘਰ ਰਹਿ ਗਿਆ। ਅੱਧੇ ਰਸਤੇ ਵਿੱਚ ਜਾ ਕੇ ਯਾਦ ਆਇਆ, ਪਰ ਕੰਮ 'ਤੇ ਲੇਟ ਹੋ ਜਾਣ ਦੇ ਡਰੋਂ ਘਰ ਮੁੜ ਕੇ ਫੋਨ ਚੁੱਕਣ ਦੀ ਹਿੰਮਤ ਨਾ ਹੋਈ। ਚੁੱਪ ਚਾਪ ਮਨ ਮਾਰ ਕੇ ਦਫਤਰ ਜਾਣ ਦਾ ਸੋਚਿਆ। ਉਂਜ ਅੱਜ ਰਸਤੇ ਦਾ ਸਫਰ ਬਿਲਕੁਲ ਨਿਆਰਾ ਜਿਹਾ ਲੱਗ ਰਿਹਾ ਸੀ। ਜਾਂਦੇ-ਜਾਂਦੇ ਦੇਖਿਆ, ਸੜਕ ਦੇ ਨਾਲ-ਨਾਲ ਕਿੰਨੀਆਂ ਨਵੀਆਂ ਉਸਾਰੀਆਂ ਹੋ ਗਈਆਂ ਸਨ, ਸੜਕ ਕਿਨਾਰੇ ਖੜੇ ਹੁੰਦੇ ਦਰੱਖਤ ਵੱਢੇ ਜਾ ਚੁੱਕੇ ਸਨ ਤੇ ਇਹ ਸੜਕ ਕਿੰਨੀ ਟੁੱਟ ਚੁੱਕੀ ਸੀ। ਸਭ ਕੁਝ ਨਿਵੇਕਲਾ ਜਿਹਾ ਲੱਗ ਰਿਹਾ ਸੀ, ਪਹਿਲਾਂ ਰੋਜ਼ ਗਾਣੇ ਸੁਣਨ ਲਈ ਮੋਬਾਈਲ ਦੇ ਈਅਰ ਫੋਨ ਕੰਨਾਂ 'ਚ ਲੱਗੇ ਹੋਣ ਕਰਕੇ ਉਨ੍ਹਾਂ ਵਿੱਚ ਹੀ ਮਸਤ ਹੋਇਆ ਰਹਿੰਦਾ ਸੀ। ਇਨ੍ਹਾਂ ਗੱਲਾਂ ਵੱਲ ਕਦੇ ਧਿਆਨ ਹੀ ਨਹੀਂ ਸੀ ਗਿਆ।

ਦਫਤਰ ਪਹੁੰਚ ਗਿਆ ਤਾਂ ਹੱਥ ਕਈ ਵਾਰ ਮੱਲੋ ਮੱਲੀ ਜੇਬ ਵਿੱਚ ਚਲਾ ਜਾਂਦਾ, ਮੋਬਾਈਲ ਕੱਢਣ ਲਈ, ਪਰ ਫਿਰ ਚੇਤਾ ਆਉਂਦਾ ਕਿ ਫੋਨ ਅੱਜ ਘਰ ਭੁੱਲ ਗਿਆ ਸੀ। ਅਜੀਬ ਜਿਹੀ ਬੈਚੇਨੀ ਸੀ ਮਨ ਅੰਦਰ, ਜਿਹੜੀ ਵਾਰ-ਵਾਰ ਬਿਰਤੀ ਭੰਗ ਕਰੀ ਜਾਂਦੀ ਸੀ। ਲੱਗਦਾ ਸੀ ਕਿ ਸਰੀਰ ਦਾ ਕੋਈ ਅੰਗ ਕੋਈ ਕੱਢ ਕੇ ਲੈ ਗਿਆ ਹੋਵੇ। ਮੇਜ਼ 'ਤੇ ਪਈਆਂ ਦਫਤਰੀ ਫਾਈਲਾਂ ਦਾ ਕੰਮ ਨਿਬੇੜਨਾ ਸ਼ੁਰੂ ਕੀਤਾ। ਥੋੜ੍ਹੀ ਦੇਰ ਬਾਅਦ ਸੇਵਾਦਾਰ ਆਂਟੀ ਚਾਹ ਦੇਣ ਆਈ ਤਾਂ ਮੇਰੇ ਚਿਹਰੇ ਵੱਲ ਦੇਖ ਕੇ ਕਹਿਣ ਲੱਗੀ, 'ਬਾਬੂ ਜੀ, ਅੱਜ ਤਬੀਅਤ ਠੀਕ ਨਹੀਂ ਲੱਗਦੀ ਤੁਹਾਡੀ?'

ਮੈਂ ਪੁੱਛਿਆ, 'ਕਿਉਂ? ਕੀ ਹੋਇਆ ਜੀ ਅੱਜ?'

ਕਹਿਣ ਲੱਗੀ, 'ਅੱਗੇ ਤੁਸੀਂ ਰੋਜ਼ ਸਵੇਰੇ ਬਹੁਤ ਟੈਨਸ਼ਨ ਵਿੱਚ ਗੱਲਾਂ ਕਰਦੇ ਹੁੰਨੇ ਓ, ਕਈ ਵਾਰ ਆਪਣੇ ਆਪ ਇਕੱਲੇ ਬੋਲੀ ਜਾਂਦੇ ਰਹਿੰਨੇ ਓ, ਅੱਜ ਬਹੁਤ ਢਿੱਲੇ ਜਿਹੇ ਲੱਗ ਰਹੇ ਓ।'

ਮੈਂ ਥੋੜ੍ਹਾ ਹੱਸਦੇ ਹੋਏ ਕਿਹਾ, 'ਓਹ ਹੋ, ਟੈਨਸ਼ਨ ਵਾਲਾ ਯੰਤਰ ਅੱਜ ਘਰ ਹੀ ਭੁੱਲ ਆਇਆ ਹਾਂ।'

ਉਂਜ ਸਰੀਰ ਅੱਜ ਰੋਜ਼ ਨਾਲੋਂ ਕੁਝ ਹਲਕਾ ਜਿਹਾ ਜ਼ਰੂਰ ਲੱਗਣ ਲੱਗ ਪਿਆ ਸੀ। ਪਹਿਲਾਂ ਰੋਜ਼ ਸਵੇਰ ਤੋਂ ਦੁਨੀਆ ਭਰ ਦੀਆਂ ਸਮੱਸਿਆਵਾਂ, ਖਰੀਦ-ਓ-ਫਰੋਖਤ ਵਾਲੀਆਂ ਕੰਪਨੀਆਂ ਦੀਆਂ ਫਾਲਤੂ ਕਾਲਾਂ, ਸਕੇ ਸਬੰਧੀਆਂ ਦੇ ਬੇਮਤਲਬ ਹਾਲ ਚਾਲ ਪੁੱਛਣ ਵਾਲੇ ਫੋਨ ਦੁਪਹਿਰ ਹੁੰਦਿਆਂ ਤੱਕ ਸਿਰ ਦੁਖਣ ਲਾ ਦਿੰਦੇ ਸੀ। ਕੰਮ ਕਰਦਿਆਂ ਥੋੜ੍ਹਾ ਆਰਾਮ ਕਰਨ ਲਈ ਰੁਕਿਆ, ਦਫਤਰ ਦੇ ਚਾਰੇ ਪਾਸੇ ਨਿਗ੍ਹਾ ਘੁਮਾਈ। ਅੱਜ ਦਫਤਰ ਵੀ ਵੱਖਰੀ ਜਿਹੀ ਥਾਂ ਜਾਪੀ। ਸੋਹਣੀਆਂ-ਸੋਹਣੀਆਂ ਤਸਵੀਰਾਂ, ਸੁੰਦਰ ਬਣੇ ਡਿਜ਼ਾਈਨ ਦੇਖੇ, ਜਿਨ੍ਹਾਂ ਵੱਲ ਕਦੇ ਧਿਆਨ ਨਹੀਂ ਗਿਆ ਸੀ। ਦੁਪਹਿਰ ਨੂੰ ਖਾਣੇ ਦਾ ਸਮਾਂ ਹੋਇਆ। ਪਹਿਲਾਂ ਸਾਰੇ ਸਾਥੀ ਖਾਣਾ ਇਕੱਠੇ ਬੈਠ ਕੇ ਜ਼ਰੂਰ ਖਾਂਦੇ ਸੀ, ਪਰ ਆਪਸ ਵਿੱਚ ਬੋਲਦਾ ਕੋਈ ਘੱਟ ਵੱਧ ਸੀ। ਹਰ ਇਕ ਨੇ ਕੰਨ ਨਾਲ ਮੋਬਾਈਲ ਲਾਇਆ ਹੁੰਦਾ ਸੀ, ਬੱਸ ਇਸ਼ਾਰਿਆਂ ਨਾਲ ਇਕ ਦੂਜੇ ਨਾਲ ਦਾਲ ਸਬਜ਼ੀ ਵੰਡ ਲੈਂਦੇ ਸੀ, ਪਰ ਅੱਜ ਪੂਰੀ ਵਿਹਲ ਸੀ। ਅੱਜ ਖਾਣੇ ਦਾ ਸੁਆਦ ਅਲੱਗ ਲੱਗ ਰਿਹਾ ਸੀ। ਖਾਣਾ ਖਾ ਕੇ ਬਾਹਰ ਪਾਰਕ ਵਿੱਚ ਜਾ ਬੈਠਿਆ। ਪਾਰਕ ਤਾਂ ਉਹੀ ਸੀ, ਜਿਥੇ ਰੋਜ਼ ਬੈਠ ਕੇ ਮੋਬਾਈਲ 'ਤੇ ਗੇਮ ਖੇਡਦਾ ਰਹਿੰਦਾ ਸੀ, ਅੱਜ ਆਲੇ ਦੁਆਲੇ ਝਾਤੀ ਮਾਰੀ ਤਾਂ ਦੇਖਿਆ ਕਿ ਹਰਾ-ਹਰਾ ਘਾਹ ਅੱਖਾਂ ਨੂੰ ਕਿੰਨੀ ਤਾਜ਼ਗੀ ਬਖਸ਼ ਰਿਹਾ ਸੀ। ਕਿੰਨੇ ਸੋਹਣੇ-ਸੋਹਣੇ ਫੁੱਲ ਖਿੜੇ ਹੋਏ ਸਨ, ਜਿਨ੍ਹਾਂ ਦੀ ਮਹਿਕ ਕਿਸੇ ਮਹਿੰਗੇ ਬਰਾਂਡ ਦੇ ਇਤਰ ਨਾਲੋਂ ਵਧੀਆ ਹੋਵੇਗੀ। ਪੰਛੀ ਦਰੱਖਤਾਂ ਉਤੇ ਇਕ ਦੂਜੇ ਨਾਲ ਖੇਡਦੇ ਜਾਪਦੇ ਸਨ। ਮਨ ਹੀ ਮਨ ਸੋਚਿਆ ਕਾਸ਼! ਮੈਂ ਵੀ ਇਨ੍ਹਾਂ ਵਾਂਗ ਪੰਛੀ ਹੁੰਦਾ, ਪੈਸੇ ਦੀ ਭੱਜ ਨੱਠ ਤੋਂ ਪਰ੍ਹੇ। ਕੁਦਰਤ ਦਾ ਸਾਜਿਆ ਤੇ ਸਜਾਇਆ ਇਹ ਦ੍ਰਿਸ਼ ਦੇਖ ਕੇ ਸਰੀਰ ਵਿੱਚ ਤਾਜ਼ਗੀ ਜਿਹੀ ਭਰਦੀ ਜਾਪੀ।

ਦਫਤਰ ਦਾ ਆਪਣਾ ਰਹਿੰਦਾ ਕੰਮ ਨਿਬੇੜ ਕੇ ਸ਼ਾਮ ਨੂੰ ਘਰ ਪਰਤਿਆ। ਥੋੜ੍ਹੀ ਦੇਰ ਬਾਅਦ ਬੇਚੈਨੀ ਜਿਹੀ ਹੋਈ ਅਤੇ ਫਟਾਫਟ ਮੋਬਾਈਲ ਫੋਨ ਲੱਭਣ ਲੱਗਿਆ। ਫੋਨ ਚੁੱਕਿਆ, ਦੇਖਿਆ, ਕਿੰਨੀਆਂ ਮਿਸਡ ਕਾਲਜ਼ ਅਤੇ ਮੇਸੈਜ਼ ਆ ਚੁੱਕੇ ਸਨ। ਉਹੀ ਸਿਲਸਿਲਾ ਫਿਰ ਸ਼ੁਰੂ ਹੋ ਗਿਆ। ਸਵੇਰ ਵਾਲੀ ਚੁਸਤੀ ਫੁਰਤੀ ਕਿਧਰੇ ਉਡ ਪੁੱਡ ਗਈ। ਲੱਗਿਆ ਜਿਵੇਂ ਇਸ ਯੰਤਰ ਨੇ ਮੈਨੂੰ ਆਪਣੀ ਦੁਨੀਆ ਵਿੱਚ ਦੁਬਾਰਾ ਖਿੱਚ ਲਿਆ ਹੋਵੇ ਤੇ ਮੈਂ ਵੀ ਬਿਨਾਂ ਕਿਸੇ ਹੀਲ ਹੁੱਜਤ ਦੇ ਜਿਵੇਂ ਪੰਜਾਲੀ ਹੇਠ ਜੁਪ ਗਿਆ ਹੋਵਾਂ।

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976


ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

# ਕੋਰੋਨਾ ਦੀ ਕਾਟ ਲੱਭਣ ਦੀ ਥਾਂ ਚੋਣ ਮੁੱਦਾ ਬਣਾਉਣ ਤੁਰ ਪਿਆ ਹੈ ਡੋਨਾਲਡ ਟਰੰਪ



ਜਤਿੰਦਰ ਪੰਨੂ

ਪਿਛਲੀ ਇੱਕ ਛਿਮਾਹੀ ਵਿੱਚ ਦੁਨੀਆ ਭਰ ਦੇ ਲੋਕਾਂ ਨੇ ਅਤੇ ਪਿਛਲੇ ਲਗਾਤਾਰ ਦੋ ਮਹੀਨਿਆਂ ਦੌਰਾਨ ਭਾਰਤ ਤੇ ਸਾਡੇ ਪੰਜਾਬ ਦੇ ਲੋਕਾਂ ਨੇ ਬਹੁਤ ਦੁੱਖ ਭੋਗਿਆ ਹੈ। ਇਹ ਦੁੱਖ ਕਈ ਤਰ੍ਹਾਂ ਦਾ ਸੀ, ਅਤੇ ਅਜੇ ਵੀ ਜਾਰੀ ਹੈ। ਪਹਿਲਾ ਦੁੱਖ ਤਾਂ ਕੋਰੋਨਾ ਵਾਇਰਸ ਦੀ ਬਿਮਾਰੀ ਦਾ ਸੀ, ਜਿਸ ਦੀ ਜੜ੍ਹ ਅੱਜ ਤੱਕ ਪਤਾ ਨਹੀਂ ਲੱਗ ਸਕੀ, ਪਰ ਦੁਨੀਆ ਦੇ ਦੋ ਪ੍ਰਮੁੱਖ ਦੇਸ਼ਾਂ ਵਿੱਚ ਖਹਿਬਾਜ਼ੀ ਚੱਲੀ ਜਾਂਦੀ ਹੈ। ਅਮਰੀਕਾ ਦੇ ਲੋਕ ਤੇ ਖਾਸ ਕਰ ਕੇ ਉਨ੍ਹਾਂ ਦਾ ਰਾਸ਼ਟਰਪਤੀ ਸਿਰਫ ਚੀਨ ਨੂੰ ਸਾਰੇ ਸੰਕਟ ਦਾ ਦੋਸ਼ੀ ਮੰਨ ਕੇ ਆਪਣੀ ਰੱਟ ਲਾਈ ਜਾਂਦੇ ਹਨ। ਜਦੋਂ ਤੱਕ ਇਹ ਗੱਲ ਸਾਬਤ ਨਹੀਂ ਹੁੰਦੀ ਅਤੇ ਇਹ ਛੇਤੀ ਕੀਤੇ ਸਾਬਤ ਹੁੰਦੀ ਵੀ ਨਹੀਂ ਜਾਪਦੀ, ਓਦੋਂ ਤੱਕ ਕਿਸੇ ਇੱਕ ਧਿਰ ਨੂੰ ਦੋਸ਼ੀ ਠਹਿਰਾਉਣਾ ਵੀ ਔਖਾ ਹੈ। ਉਂਜ ਸ਼ੱਕ ਵਾਲੀ ਗੰਢ ਇੱਕ ਵਾਰੀ ਬੱਝ ਜਾਵੇ ਤਾਂ ਛੇਤੀ ਖਹਿੜਾ ਨਹੀਂ ਛੱਡਦੀ ਹੁੰਦੀ। ਚੀਨ ਦੇ ਖਿਲਾਫ ਇਹ ਦੋਸ਼ ਵੀ ਜ਼ੋਰ ਨਾਲ ਲਾਇਆ ਜਾਂਦਾ ਰਿਹਾ ਕਿ ਉਸ ਦੀ ਮੀਟ ਮਾਰਕੀਟ ਇਸ ਬਿਮਾਰੀ ਦਾ ਮੁੱਢਲਾ ਕਾਰਨ ਹੋ ਸਕਦੀ ਹੈ ਅਤੇ ਇਹ ਵੀ ਕਿਹਾ ਗਿਆ ਕਿ ਚੀਨ ਦੇ ਲੋਕਾਂ ਦੀਆਂ ਮੀਟ ਖਾਣ ਦੀਆਂ ਆਦਤਾਂ ਨਾਲ ਰੱਫੜ ਪਿਆ ਹੈ। ਫਿਰ ਇਹ ਦੱਸਿਆ ਜਾਣਾ ਸ਼ੁਰੂ ਹੋ ਗਿਆ ਕਿ ਚੀਨ ਦੇ ਲੋਕ ਕੁੱਤਾ ਖਾ ਜਾਂਦੇ ਹਨ ਤੇ ਏਦਾਂ ਦੀਆਂ ਕਈ ਹੋਰ ਚੀਜ਼ਾਂ ਖਾਈ ਜਾਂਦੇ ਹਨ। ਜ਼ਰੂਰ ਖਾਂਦੇ ਹੋਣਗੇ ਤੇ ਸਾਰੀ ਦੁਨੀਆ ਵਿੱਚ ਕੌਣ ਕੀ ਖਾਂਦਾ ਹੈ, ਇਸ ਦੀ ਪਾਬੰਦੀ ਲਾਉਣੀ ਅੱਜ ਦੇ ਯੁੱਗ ਵਿੱਚ ਮੁਸ਼ਕਲ ਹੈ। ਕਿਸੇ ਦੇਸ਼ ਵਿੱਚ ਗਊ ਦਾ ਮੀਟ ਖਾਣ ਦੀ ਰਿਵਾਇਤ ਹੈ ਤਾਂ ਕਿਸੇ ਹੋਰ ਦੇਸ਼ ਵਿੱਚ ਗਊ ਦਾ ਮੀਟ ਖਾਣ ਵਾਲਿਆਂ ਨੂੰ ਪਾਪੀ ਮੰਨਿਆ ਜਾਂਦਾ ਹੈ। ਕੱਲ੍ਹ ਨੂੰ ਗਊ ਮਾਸ ਖਾਣ ਵਾਲੇ ਲੋਕਾਂ ਦੀ ਵੱਡੀ ਆਬਾਦੀ ਵਾਲੇ ਦੇਸ਼ ਵਿੱਚ ਕੋਈ ਬਖੇੜਾ ਉੱਠ ਪਵੇ ਤਾਂ ਭਾਰਤ ਦੇ ਕੁਝ ਲੋਕ ਉਨ੍ਹਾਂ ਬਾਰੇ ਕਈ ਕੁਝ ਕਹਿਣਗੇ। ਇਸਲਾਮੀ ਦੇਸ਼ਾਂ ਵਿੱਚ ਸੂਰ ਖਾਣਾ ਮਨ੍ਹਾ ਹੈ। ਭਾਰਤ ਵਿੱਚ ਕਈ ਲੋਕ ਸੂਰ ਦਾ ਮਾਸ ਮਜ਼ੇ ਨਾਲ ਖਾਂਦੇ ਹਨ। ਸਿਰਫ ਸੂਰ ਦੀ ਗੱਲ ਨਹੀਂ, ਭਾਰਤ ਦੇ ਲੋਕ ਏਦਾਂ ਦਾ ਕਈ ਕੁਝ ਖਾ ਜਾਂਦੇ ਹਨ, ਜਿਸ ਬਾਰੇ ਚਰਚਾ ਆਮ ਕਰ ਕੇ ਨਹੀਂ ਹੁੰਦੀ। ਸਾਨੂੰ ਇਹ ਦੱਸਣ ਵਿੱਚ ਹਰਜ ਨਹੀਂ ਜਾਪਦਾ ਕਿ ਜਿਹੜੀਆਂ ਚੀਜ਼ਾਂ ਚੀਨੀ ਲੋਕ ਖਾਂਦੇ ਦੱਸੇ ਜਾਂਦੇ ਹਨ, ਉਨ੍ਹਾਂ ਵਿੱਚੋਂ ਕਈ ਚੀਜ਼ਾਂ ਭਾਰਤ ਦੇ ਕਈ ਲੋਕ ਵੀ ਚਾਅ ਨਾਲ ਖਾਂਦੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਰਤ ਦੇ ਇੱਕ ਉੱਤਰ ਪੂਰਬੀ ਰਾਜ ਤੋਂ ਸਾਡੇ ਪੰਜਾਬ ਵਿੱਚ ਸੁਰੱਖਿਆ ਡਿਊਟੀ ਵਾਸਤੇ ਆਈ ਫੋਰਸ ਦੇ ਜਵਾਨ ਕੁੱਤੇ ਦਾ ਮਾਸ ਖਾਣ ਵਾਲੇ ਸਨ। ਜਿਸ ਇਲਾਕੇ ਵਿੱਚ ਉਨ੍ਹਾਂ ਦੀ ਡਿਊਟੀ ਲਾਈ ਗਈ, ਉਸ ਪਾਸੇ ਅਵਾਰਾ ਕੁੱਤੇ ਮੁੱਕ ਗਏ ਸਨ। ਭਾਰਤ ਦੇ ਉੱਤਰ-ਪੂਰਬੀ ਰਾਜਾਂ ਵਿੱਚ ਕੁਝ ਲੋਕ ਸੱਪ ਤੇ ਕੋਹੜ ਕਿਰਲੀ ਦਾ ਮਾਸ ਵੀ ਖਾਂਦੇ ਹਨ। ਬਿਹਾਰ ਦੇ ਕੁਝ ਵਰਗਾਂ ਵਿੱਚ ਚੂਹੇ ਦਾ ਮਾਸ ਖਾਣਾ ਆਮ ਗੱਲ ਹੈ। ਇੱਕ ਵਾਰੀ ਓਥੇ ਥੋੜ੍ਹੇ ਸਮੇਂ ਲਈ ਇੱਕ ਮੁੱਖ ਮੰਤਰੀ ਏਹੋ ਜਿਹਾ ਬਣ ਗਿਆ ਸੀ, ਜਿਹੜਾ ਮਾਣ ਨਾਲ ਕਹਿੰਦਾ ਸੀ ਕਿ ਉਹ ਚੂਹੇ ਦਾ ਮਾਸ ਖਾਂਦਾ ਹੈ ਤੇ ਇਹ ਵੀ ਚਾਹੁੰਦਾ ਸੀ ਕਿ ਚੂਹੇ ਦਾ ਮਾਸ ਖਾਣ ਨੂੰ ਬਾਕਾਇਦਾ ਮਾਨਤਾ ਦਿੱਤੀ ਜਾਵੇ। ਉੱਤਰ-ਪੂਰਬ ਦੇ ਇੱਕ ਰਾਜ ਦੇ ਲੋਕ ਡੱਡੂ ਖਾ ਜਾਂਦੇ ਹਨ। ਸੋਨੀਆ ਸਰਕਾਰ ਨਾਂਅ ਦੀ ਪ੍ਰਸਿੱਧ ਲੇਖਕਾ ਨੇ ਇਨ੍ਹਾਂ ਸਾਰੇ ਰਾਜਾਂ ਅਤੇ ਉਨ੍ਹਾਂ ਦੇ ਇਹੋ ਜਿਹਾ ਮਾਸ ਖਾਣ ਵਾਲੇ ਲੋਕਾਂ ਬਾਰੇ ਜਨਵਰੀ 2017 ਵਿੱਚ ਟੈਲੀਗਰਾਫ ਅਖਬਾਰ ਵਿੱਚ ਵੇਰਵੇ ਸਹਿਤ ਇੱਕ ਲੇਖ ਲਿਖਿਆ ਸੀ, ਜਿਹੜਾ ਅੱਜ ਵੀ ਸਾਡੇ ਕੋਲ ਸੰਭਾਲਿਆ ਪਿਆ ਹੈ। ਚਰਚਾ ਸਿਰਫ ਚੀਨ ਦੇ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਦੀ ਹੋਈ ਜਾ ਰਹੀ ਹੈ।

ਚੀਨ ਅਤੇ ਅਮਰੀਕਾ ਦਾ ਅੱਜ ਕੱਲ੍ਹ ਆਢਾ ਲੱਗਾ ਹੋਇਆ ਹੈ, ਪਰ ਕਿਸੇ ਵਕਤ ਸੰਸਾਰ ਪੂੰਜੀਵਾਦ ਦਾ ਮੁਕਾਬਲਾ ਕਰਨ ਵਾਲੀ ਮਹਾਸ਼ਕਤੀ ਸੋਵੀਅਤ ਰੂਸ ਦੇ ਨਾਲ ਲੜਨ ਲਈ ਏਸੇ ਅਮਰੀਕਾ ਦੇ ਹਾਕਮਾਂ ਦੀ ਸਭ ਤੋਂ ਵੱਡੀ ਯਾਰੀ ਏਸੇ ਚੀਨ ਨਾਲ ਹੋਇਆ



ਕਰਦੀ ਸੀ। ਕਿਊਬਾ ਦੇ ਖਿਲਾਫ ਲੜਾਈ ਮੌਕੇ ਵੀ ਚੀਨ ਉਨ੍ਹਾਂ ਦਾ ਸਾਥ ਦੇਂਦਾ ਰਿਹਾ ਅਤੇ ਅਮਰੀਕਾ ਦੀ ਕਮਿਊਨਿਸਟ ਪਾਰਟੀ ਦੇ ਓਦੋਂ ਦੇ ਜਨਰਲ ਸੈਕਟਰੀ ਗੱਸ ਹਾਲ ਵੱਲੋਂ ਚੀਨੀ ਕਮਿਊਨਿਸਟ ਪਾਰਟੀ ਵੱਲ ਲਿਖੀ ਗਈ ਖੁੱਲ੍ਹੀ ਚਿੱਠੀ ਵਿੱਚ ਚੀਨ-ਅਮਰੀਕਾ ਭਾਈਵਾਲੀ ਦਾ ਸਾਰਾ ਕੱਚਾ ਚਿੱਠਾ ਪੇਸ਼ ਕੀਤਾ ਗਿਆ ਸੀ। ਸੋਵੀਅਤ ਰੂਸ ਦੇ ਢਹਿਣ ਮਗਰੋਂ ਇੱਕਲੌਤੀ ਮਹਾਂਸ਼ਕਤੀ ਹੋਣ ਦਾ ਭਰਮ ਪਾਲਣ ਵਾਲੇ ਅਮਰੀਕਾ ਸਾਹਮਣੇ ਜਦੋਂ ਉਹ ਹੀ ਚੀਨ ਸ਼ਰੀਕਾਂ ਵਾਂਗ ਡਾਂਗ ਮੋਢੇ ਰੱਖ ਕੇ ਖੜੋਤਾ ਦਿੱਸ ਪਿਆ ਤਾਂ ਹਰ ਗੱਲ ਵਿੱਚ ਉਸ ਨਾਲ ਆਢਾ ਲੱਗ ਗਿਆ। ਇਸ ਵੇਲੇ ਉਸ ਨਾਲ ਲੜਾਈ ਦਾ ਕਾਰਨ ਕੋਰੋਨਾ ਵਾਇਰਸ ਦੀ ਉਠਾਣ ਨਹੀਂ, ਅਮਰੀਕਾ ਦਾ ਸੰਸਾਰ ਮੰਡੀ ਵਿੱਚ ਚੀਨੀ ਮਾਲ ਨਾਲ ਮੁਕਾਬਲਾ ਹੈ। ਮੈਂ ਨਿੱਜੀ ਤੌਰ ਉੱਤੇ ਚੀਨੀ ਮਾਲ ਦਾ ਕਦੀ ਪ੍ਰਸੰਸਕ ਨਹੀਂ ਰਿਹਾ, ਕਿਉਂਕਿ ਇਹ ਮਾਲ ਹੰਢਣਸਾਰਤਾ ਦੇ ਪੱਖੋਂ ਬਹੁਤਾ ਵਧੀਆ ਨਹੀਂ ਹੁੰਦਾ, ਪਰ ਇਹ ਗੱਲ ਫਿਰ ਆਪਣੀ ਥਾਂ ਠੀਕ ਹੈ ਕਿ ਜਿਸ ਮਾਲ ਦੀ ਕੋਈ ਗਾਰੰਟੀ ਨਾ ਹੋਣ ਦਾ ਰੌਲਾ ਸਭ ਤੋਂ ਵੱਧ ਪੈਂਦਾ ਹੈ, ਉਹੀ ਮਾਲ ਅਮਰੀਕੀ ਮਾਲ ਨੂੰ ਹਰ ਮੰਡੀ ਵਿੱਚ ਖੂੰਜੇ ਲਾਈ ਜਾਂਦਾ ਹੈ। ਖੁਦ ਅਮਰੀਕੀ ਲੋਕ ਵੀ ਸਸਤਾ ਹੋਣ ਕਾਰਨ ਚੀਨੀ ਮਾਲ ਖਰੀਦੀ ਜਾਂਦੇ ਹਨ ਤਾਂ ਅਮਰੀਕੀ ਕਾਰਪੋਰੇਟ ਘਰਾਣੇ ਇਸ ਤੋਂ ਚਿੜਨ ਲੱਗਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਕੋਰੋਨਾ ਵਾਇਰਸ ਦੇ ਦੌਰ ਵਿੱਚ ਅਮਰੀਕੀ ਰਾਸ਼ਟਰਪਤੀ ਟਰੰਪ ਜਦੋਂ ਚੀਨ ਦੀ ਭੰਡੀ ਕਰਨ ਰੁੱਝਾ ਹੋਇਆ ਹੈ, ਓਦੋਂ ਵੀ ਅਮਰੀਕਾ ਵਿੱਚ ਚੀਨ ਦਾ ਮਾਲ ਵਿਕੀ ਜਾ ਰਿਹਾ ਹੈ ਤੇ ਲੋਕ ਆਰਾਮ ਨਾਲ ਖਰੀਦੀ ਜਾਂਦੇ ਹਨ। ਕੋਰੋਨਾ ਵਾਇਰਸ ਦੀ ਦਵਾਈ ਅਜੇ ਤੱਕ ਬਣੀ ਨਹੀਂ, ਬਣਾਉਣ ਵੱਲ ਅਮਰੀਕਾ ਦੀ ਸਰਕਾਰ ਦਾ ਬਹੁਤਾ ਧਿਆਨ ਵੀ ਨਹੀਂ ਜਾਪਦਾ, ਕਦੇ-ਕਦਾਈਂ ਕੋਈ ਅਮਰੀਕੀ ਕੰਪਨੀ ਦਵਾਈ ਬਣਾ ਲੈਣ ਦਾ ਦਾਅਵਾ ਜ਼ਰੂਰ ਕਰ ਦੇਂਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਉਸ ਕੰਪਨੀ ਦੇ ਸ਼ੇਅਰ ਧੜਾ-ਧੜਾ ਚੜ੍ਹਦੇ ਤੇ ਕੰਪਨੀ ਦੀ ਕਮਾਈ ਵਧ ਜਾਂਦੀ ਹੈ, ਪਰ ਸੰਸਾਰ ਭਰ ਵਿੱਚ ਜਿਸ ਚੀਜ਼ ਦੀ ਲੋੜ ਹੈ, ਉਹ ਦਵਾਈ ਅਜੇ ਤੱਕ ਪੇਸ਼ ਨਹੀਂ ਕੀਤੀ ਗਈ। ਭਾਰਤ ਦੀ ਅਜੋਕੀ ਸਰਕਾਰ ਚਲਾਉਣ ਵਾਲਿਆਂ ਦਾ ਅਮਰੀਕਾ ਨਾਲ ਹੇਜ ਏਥੋਂ ਤੱਕ ਹੈ ਕਿ ਉਹ ਚੀਨ ਦੇ ਵਿਰੁੱਧ ਅਮਰੀਕਾ ਦੇ ਨਾਲ ਖੜੇ ਹਨ ਅਤੇ ਚੀਨ ਦਾ ਸਾਮਾਨ ਏਥੇ ਵੀ ਬਾਜ਼ਾਰਾਂ ਵਿੱਚ ਭਰਿਆ ਪਿਆ ਹੈ। ਜਿਹੜੇ ਸਾਰੀ ਉਮਰ ਦੇ ਕਾਂਗਰਸੀ ਆਗੂ ਸਰਦਾਰ ਪਟੇਲ ਨਾਲ ਮੋਹ ਦਾ ਵਿਖਾਲਾ ਕਰ ਕੇ ਦੁਨੀਆਂ ਦੀਆਂ ਸਭ ਵੱਡੀਆਂ ਮੂਰਤੀਆਂ ਤੋਂ ਵੱਡੀ ਉਸ ਦੀ ਮੂਰਤੀ ਲਾਉਣ ਦੇ ਨਾਅਰੇ ਲਾਏ ਸਨ ਤੇ ਦੇਸ਼ ਦੀ ਸੱਤਾ ਸੰਭਾਲੀ ਸੀ, ਉਨ੍ਹਾਂ ਵੱਲੋਂ ਬਣਾਈ ਸਰਦਾਰ ਪਟੇਲ ਦੀ ਮੂਰਤੀ ਵੀ ਚੀਨ ਦੀ ਮਦਦ ਨਾਲ ਬਣੀ ਹੈ। ਭਾਰਤ ਦੇ ਹਰ ਧਰਮ ਦੇ ਲੋਕਾਂ ਦੇ ਧਾਰਮਿਕ ਚਿੰਨ੍ਹ ਵੀ ਚੀਨ ਦੇ ਬਣਾਏ ਹੋਏ ਅਤੇ ਭਾਰਤ ਵਿੱਚ ਬਣੇ ਮਾਲ ਨਾਲੋਂ ਅੱਧੇ ਮੁੱਲ ਉੱਤੇ ਜਦੋਂ ਗਲੀ-ਗਲੀ ਮਿਲਦੇ ਹੋਣ ਤਾਂ ਲੋਕ ਰਾਜਨੀਤੀ ਵਿੱਚ ਚੀਨ ਦੇ ਵਿਰੋਧ ਲਈ ਭਾਜਪਾ ਨਾਲ ਹੋ ਸਕਦੇ ਹਨ, ਓਦਾਂ ਚੀਨੀ ਮਾਲ ਲੈਣ ਤੋਂ ਇਨਕਾਰ ਨਹੀਂ ਕਰਦੇ। ਨਿਰੀ ਰਾਜਨੀਤੀ ਦੀਆਂ ਗੋਲੀਆਂ ਚੱਬਣ ਦੇ ਚਸਕੇ ਨਾਲ ਚੀਨ ਦੇ ਵਿਰੋਧ ਵਿੱਚ ਨਾ ਅਮਰੀਕਾ ਨੂੰ ਕੁਝ ਹਾਸਲ ਹੋ ਸਕਿਆ ਹੈ ਤਾਂ ਨਾ ਭਾਰਤ ਦੀ ਕਿਸੇ ਧਿਰ ਦੇ ਪੱਲੇ ਕੁਝ ਪੈਣ ਵਾਲਾ ਹੈ।

ਪਿਛਲੇ ਸਾਲ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਅਮਰੀਕਾ ਵਿੱਚ ਗਿਆ ਅਤੇ ਓਥੇ ਹੋਏ ਇੱਕ ਸਮਾਗਮ ਵਿੱਚ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦੇ ਆਇਆ ਸੀ, ਓਦੋਂ ਜਿਹੜੀ ਗੱਲ ਸਾਨੂੰ ਸਮਝ ਪਈ ਸੀ, ਉਹ ਇਹ ਕਿ ਸਾਡੇ ਲੋਕ ਅਮਰੀਕਾ ਤੋਂ ਭਾਵੇਂ ਕੁਝ ਨਾ ਸਿੱਖਣ, ਅਮਰੀਕੀ ਰਾਜਨੀਤੀ ਨੂੰ ਭਾਰਤ ਦਾ ਤੜਕਾ ਲੱਗ ਗਿਆ ਹੈ। ਭਾਰਤ ਦੇ ਤੜਕੇ ਦੀ ਖਾਸ ਵੰਨਗੀ ਇਹੋ ਹੈ ਕਿ ਆਪਣੇ ਵਿਰੋਧੀ ਨੂੰ ਜਦੋਂ ਭੰਡਣਾ ਹੋਵੇ ਤਾਂ ਆਪਣੇ ਕੁਚੱਜ ਨਾਲ ਪਏ ਪੁਆੜਿਆਂ ਲਈ ਵੀ ਭਾਰਤੀ ਲੋਕਾਂ ਵਿੱਚ ਦੁਸ਼ਮਣ ਮੰਨੇ ਜਾ ਚੁੱਕੇ ਪਾਕਿਸਤਾਨ ਦਾ ਏਜੰਟ ਕਹਿ ਸਕਦੇ ਹਨ। ਅਮਰੀਕਾ ਦੀ ਰਾਜਨੀਤੀ ਵਿੱਚ ਵੀ ਇਹ ਦੌਰ ਆ ਗਿਆ ਸਾਫ ਦਿਖਾਈ ਦੇਂਦਾ ਹੈ। ਲੋਕ ਕੋਰੋਨਾ ਵਾਇਰਸ ਦੀ ਮਾਰ ਨਾਲ ਮਰ ਰਹੇ ਹਨ ਅਤੇ ਓਥੇ ਸਰਕਾਰ ਦੀ ਨਾਲਾਇਕੀ ਸਾਫ ਨਜ਼ਰ ਆਉਂਦੀ ਹੈ, ਪਰ ਅਮਰੀਕਾ ਦਾ ਮੌਜੂਦਾ ਰਾਸ਼ਟਰਪਤੀ ਇਹ ਕਹਿੰਦਾ ਹੈ ਕਿ ਇਹ ਸਾਰਾ ਕੁਝ ਚੀਨ ਨੇ ਮੈਨੂੰ ਰਾਸ਼ਟਰਪਤੀ ਦੀ ਚੋਣ ਲਗਾਤਾਰ ਦੂਸਰੀ ਵਾਰੀ ਜਿੱਤਣ ਤੋਂ ਰੋਕਣ ਅਤੇ ਵਿਰੋਧੀ ਧਿਰ ਦੇ ਉਮੀਦਵਾਰ ਜੋਅ ਬਿਡਨ ਨੂੰ ਜਿਤਾਉਣ ਲਈ ਕੀਤਾ ਹੈ। ਅਮਰੀਕਾ ਵਿੱਚ ਹੋਈਆਂ ਮੌਤਾਂ ਲਈ ਉਹ ਚੀਨ ਵੱਲੋਂ ਆਪਣੀ ਚੋਣ ਦੇ ਵਿਰੋਧ ਦਾ ਦੋਸ਼ ਲਾ ਸਕਦਾ ਹੈ, ਬਰਤਾਨੀਆ ਵਿੱਚ ਮੌਤਾਂ ਦੀ ਗਿਣਤੀ ਚਾਲੀ ਹਜ਼ਾਰ ਦੇ ਨੇੜੇ ਪਹੁੰਚ ਗਈ ਹੈ, ਇਟਲੀ ਵਿੱਚ ਲੱਖ ਦਾ ਤੀਸਰਾ ਹਿੱਸਾ ਪਾਰ ਕਰ ਗਈ ਹੈ, ਸਪੇਨ ਅਤੇ ਫਰਾਂਸ ਵਿੱਚ ਵੀ ਤੀਹ-ਤੀਹ ਹਜ਼ਾਰ ਦਾ ਪੜਾਅ ਪਾਰ ਕਰਦੀ ਪਈ ਹੈ, ਓਥੇ ਕਿਸੇ ਨੇ ਇਹ ਗੱਲ ਨਹੀਂ ਕਹੀ ਕਿ ਚੋਣਾਂ ਹਰਾਉਣ ਲਈ ਕੋਰੋਨਾ ਪੈਦਾ ਹੋਇਆ ਹੈ। ਭਾਰਤੀ ਲੀਡਰਾਂ ਉੱਤੇ ਜਿੰਨੀ ਕਿਸਮ ਦੇ ਦੋਸ਼ ਲੱਗਦੇ ਹਨ, ਉਹ ਹੀ ਸਾਰੇ ਦੋਸ਼ ਡੋਨਾਲਡ ਟਰੰਪ ਉੱਤੇ ਲੱਗੀ ਜਾਂਦੇ ਹਨ ਅਤੇ ਜਿਹੜੇ ਦਾਅ ਭਾਰਤ ਵਿੱਚ ਵਰਤੇ ਜਾਂਦੇ ਹਨ, ਜਦੋਂ ਉਹੀ ਦਾਅ ਉਹ ਵਰਤਣ ਲੱਗ ਪਿਆ ਹੈ ਤਾਂ ਸਾਨੂੰ ਭਾਰਤੀ ਲੋਕਾਂ ਨੂੰ ਭਾਰਤ ਤੋਂ ਦੂਰ ਹਰ ਪੱਖੋਂ ਇੱਕ ਹੋਰ ਭਾਰਤ ਉੱਗ ਪਿਆ ਜਾਪਦਾ ਹੈ। ਅਮਰੀਕੀ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਜਿਨ੍ਹਾਂ ਖੇਡਾਂ ਨੇ ਅੱਜ ਤੱਕ ਭਾਰਤ ਨੂੰ ਉੱਠਣ ਨਹੀਂ ਦਿੱਤਾ, ਉਹੋ ਖੇਡਾਂ ਅਮਰੀਕਾ ਵਿੱਚ ਚੱਲਣਗੀਆਂ ਤਾਂ ਕੋਰੋਨਾ ਨਾਲ ਲੜਨ ਦੀ ਲੋੜ ਨਹੀਂ ਰਹਿਣੀ, ਸਿਰਫ ਉਸ ਆਗੂ ਦੀ ਡੁਗਡੁਗੀ ਸੁਣਿਆ ਕਰੇਗੀ, ਜਿਸ ਨੂੰ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਤੇ ਕੋਰੋਨਾ ਵਰਗੇ ਅਸਲੀ ਮਾਮਲੇ ਦੀ ਥਾਂ ਛਣਕਣੇ ਛਣਕਾਉਣੇ ਆਉਂਦੇ ਹੋਣਗੇ। ਓਦੋਂ ਅਮਰੀਕਾ ਕਿੱਦਾਂ ਦਾ ਹੋਵੇਗਾ, ਕਹਿਣ ਦੀ ਲੋੜ ਨਹੀਂ!

# ਬੁਨਿਆਦ ਮਜ਼ਬੂਤ ਕਰਨ ਦਾ ਸਮਾਂ

-ਸੁਨੀਲ ਅਗਰਵਾਲ-

ਚਾਲੂ ਵਿੱਤੀ ਸਾਲ ਵਿੱਚ ਅਜਿਹਾ ਕੁਝ ਨਹੀਂ ਹੋਇਆ, ਜਿਸ ਨਾਲ ਕਾਰੋਬਾਰੀ ਜਗਤ ਨੂੰ ਜਸ਼ਨ ਮਨਾਉਣ ਦਾ ਮੌਕਾ ਮਿਲਦਾ। ਸੁਸਤ ਹੁੰਦੇ ਅਰਥਚਾਰੇ ਦੌਰਾਨ ਆਮਦਨ ਲਗਭਗ 10 ਤੋਂ 15 ਫੀਸਦੀ ਘਟ ਗਈ। ਸਾਲ ਦਾ ਇਹੀ ਪੜਾਅ ਹੈ, ਜਦ ਨੌਕਰੀ ਪੇਸ਼ਾ ਵਰਗ ਤਨਖਾਹ ਵਿੱਚ ਵਾਧੇ ਦੀ ਆਸ ਲਾਈ ਬੈਠਾ ਹੁੰਦਾ ਹੈ। ਮਾਹੌਲ ਨੂੰ ਦੇਖਦੇ ਹੋਏ ਉਹ ਵੀ ਔਸਤ ਤੋਂ ਘੱਟ ਵਾਧੇ ਦੀ ਉਮੀਦ ਵਿੱਚ ਹੀ ਸੀ। ਕੰਪਨੀਆਂ ਆਰਥਿਕ ਮੁਹਾਂਦਰੇ ਦੇ ਹਿਸਾਬ ਨਾਲ ਆਪਣੀਆਂ ਰਣਨੀਤੀਆਂ ਬਣਾਉਣ ਵਿੱਚ ਰੁੱਝੀਆਂ ਹੋਈਆਂ ਸਨ। ਉੱਤੋਂ ਕੋਵਿਡ 19 ਵਰਗੀ ਆਫਤ ਆ ਧਮਕੀ ਅਤੇ ਉਸ ਨੇ ਪਹਿਲਾਂ ਤੋਂ ਵਿਗੜੇ ਸਮੀਕਰਨ ਹੋਰ ਵਿਗਾੜ ਦਿੱਤੇ। ਇਹ ਆਫਤ ਸਾਨੂੰ ਆਪਣੀ ਸਮਝ ਨੂੰ ਨਵੇਂ ਸਿਰੇ ਤੋਂ ਦਰੁਸਤ ਕਰਨ ਦਾ ਮੌਕਾ ਵੀ ਦੇਂਦੀ ਹੈ। ਅਜਿਹੇ ਵਿੱਚ ਕੁਝ ਦਿਖਾਵਟੀ ਸੁਧਾਰਾਂ ਨਾਲ ਇਸ ਨੂੰ ਵਿਅਰਥ ਨਾ ਜਾਣ ਦਿਓ, ਕ੍ਰਾਂਤੀਕਾਰੀ ਸੁਧਾਰਾਂ ਦਾ ਸੂਤਰ ਬਣੋ। ਰੀਅਲ ਅਸਟੇਟ ਖੇਤਰ ਨੂੰ ਵੀ ਇਹ ਮੌਕਾ ਨਹੀਂ ਗੁਆਉਣਾ ਚਾਹੀਦਾ।

ਰੀਅਲ ਅਸਟੇਟ ਭਾਰਤ ਵਿੱਚ ਦੂਜਾ ਸਭ ਤੋਂ ਵੱਡਾ ਰੁਜ਼ਗਾਰ ਦਾਤਾ ਖੇਤਰ ਹੈ। ਅਨੁਮਾਨ ਹੈ ਕਿ ਸੰਨ 2025 ਤੱਕ ਜੀ ਡੀ ਪੀ ਵਿੱਚ ਇਸ ਦਾ ਯੋਗਦਾਨ 13 ਫੀਸਦੀ ਅਤੇ ਸੰਨ 2030 ਤੱਕ ਬਾਜ਼ਾਰ ਦਾ ਆਕਾਰ ਇੱਕ ਟ੍ਰਿਲੀਅਨ ਡਾਲਰ ਹੋ ਜਾਵੇਗਾ। ਸਾਰੇ ਅਧਿਐਨਾਂ ਮੁਤਾਬਕ ਰੀਅਲ ਅਸਟੇਟ ਖੇਤਰ 248 ਤੋਂ ਵੱਧ ਉਦਯੋਗਾਂ ਨੂੰ ਪ੍ਰਭਾਵਤ ਕਰਦਾ ਹੈ। ਇਸ ਨਾਲ ਸੀਮੈਂਟ, ਸਟੀਲ, ਸੈਰੇਮਿਕ, ਮਾਈਨਿੰਗ, ਪੇਂਟ, ਇਲੈਕਟ੍ਰੀਕਲ, ਕੰਜ਼ਿਊਮਰ ਡਿਊਰੇਬਲਜ਼ ਆਦਿ ਦੇ ਇਲਾਵਾ ਮੈਨੇਜਮੈਂਟ, ਮਾਰਗੇਜ ਅਤੇ ਵਿੱਤ ਅਤੇ ਸੁਰੱਖਿਆ ਏਜੰਸੀਆਂ ਵਰਗੀਆਂ ਸਭ ਸੇਵਾਵਾਂ ਲਈ ਰਾਹ ਖੋਲ੍ਹਦਾ ਹੈ। ਫਿਰ ਵੀ ਅਕਸਰ ਇਸ ਵੱਡ ਅਕਾਰੀ ਉਦਯੋਗ ਦੀ ਅਣਦੇਖੀ ਕੀਤੀ ਜਾਂਦੀ ਹੈ। ਅਜਿਹੇ ਵਿੱਚ ਇਸ ਬੇਜਾਨ ਹੋ ਰਹੇ ਉਦਯੋਗ ਲਈ ਸੁਧਾਰਾਂ ਦੀ ਖੁਰਾਕ ਜ਼ਰੂਰੀ ਬਣ ਗਈ ਹੈ, ਤਾਂ ਜੋ ਇਹ ਨਾ ਸਿਰਫ ਕੋਵਿਡ 19 ਦੇ ਸੰਕਟ ਵਿੱਚ ਖੁਦ ਨੂੰ ਬਚਾਏ, ਸਗੋਂ ਲੰਬੇ ਅਰਸੇ ਵਿੱਚ ਅਰਥਚਾਰੇ ਦਾ ਮਹੱਤਵ ਪੂਰਨ ਮਦਦਗਾਰ ਵੀ ਬਣੇ।

ਅਸਲ ਵਿੱਚ ਰੀਅਲ ਅਸਟੇਟ ਚੰਗੀਆਂ ਚੰਗੀਆਂ ਖਬਰਾਂ ਦੀ ਝੜੀ ਲਾਉਣ ਵਿੱਚ ਸਮਰੱਥ ਹੈ। ਇਸ ਬਾਜ਼ਾਰ ਵਿੱਚ ਹਰ ਤਰ੍ਹਾਂ ਦੇ ਮਕਾਨਾਂ ਲਈ ਅਥਾਹ ਮੰਗ ਦੀ ਗੁੰਜਾਇਸ਼ ਹੈ। ਖਾਸ ਤੌਰ 'ਤੇ ਦਰਮਿਆਨੀ ਆਮਦਨ ਅਰਥਾਤ ਐੱਮ ਆਈ ਜੀ ਸ਼੍ਰੇਣੀ ਵਿੱਚ ਸਸਤੇ ਮਕਾਨਾਂ ਦੇ ਪੱਖ ਤੋਂ ਬਹੁਤ ਸੰਭਾਵਨਾਵਾਂ ਹਨ। ਨੀਤੀ ਘਾੜਿਆਂ ਤੇ ਸਰਕਾਰਾਂ ਨੇ ਅਜੇ ਤੱਕ ਸਿਰਫ ਘੱਟ ਆਮਦਨੀ ਅਤੇ ਆਰਥਿਕ ਪੱਖੋਂ ਕਮਜ਼ੋਰ (ਈ ਡਬਲਯੂ ਐਸ) ਵਾਲੇ ਮਕਾਨਾਂ 'ਤੇ ਪੂਰਾ ਜ਼ੋਰ ਦਿੱਤਾ ਹੈ। ਇਸ ਰਾਹ ਵਿੱਚ ਐੱਮ ਆਈ ਜੀ ਹਾਊਸਿੰਗ, ਕਮਰਸ਼ੀਅਲ ਆਫਿਸ ਅਤੇ ਰਿਟੇਲ ਸਪੇਸ ਦੇ ਨਾਲ ਉਦਯੋਗਿਕ ਰੀਅਲ ਅਸਟੇਟ ਦੀ ਅਣਦੇਖੀ ਕੀਤੀ ਗਈ ਹੈ। ਇਸ ਦੇ ਬਹੁਤ ਚੰਗੇ ਨਤੀਜੇ ਨਹੀਂ ਨਿਕਲੇ। ਇਸ ਨੇ ਨਿੱਜੀ ਕੰਪਨੀਆਂ ਲਈ ਕਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ। ਮਿਸਾਲ ਵਜੋਂ ਮਹਿੰਗੀ ਜ਼ਮੀਨ ਤੋਂ ਲੈ ਕੇ ਨਿਯਮਾਂ ਦੀ ਝੜੀ ਅਤੇ ਵਿੱਤੀ ਮੋਰਚੇ 'ਤੇ ਦੁਸ਼ਵਾਰੀਆਂ ਰਹੀਆਂ। ਇਸ ਨਾਲ ਅਰਥਚਾਰੇ ਨੂੰ ਸੀਮਿਤ ਲਾਭ ਨਹੀਂ ਪੁੱਜ ਸਕਿਆ।

ਦਰਮਿਆਨੀ ਆਮਦਨ ਵਾਲੇ ਮਕਾਨ ਆਮ ਕਰ ਕੇ ਭਾਰਤ ਵਿੱਚ 2000 ਵਰਗ ਫੁੱਟ ਵਿੱਚ ਬਣਦੇ ਹਨ, ਜਿਹੜੇ ਈ ਡਬਲਯੂ ਐੱਸ ਮਕਾਨਾਂ ਤੋਂ ਆਕਾਰ ਵਿੱਚ ਦੁੱਗਣੇ ਹੁੰਦੇ ਹਨ। ਸਾਫ ਹੈ ਕਿ ਉਨ੍ਹਾਂ ਵਿੱਚ ਟਾਈਲ ਫਲੋਰਿੰਗ, ਐੱਮ ਐੱਸ ਗਰਿੱਲਜ਼, ਸ਼ੀਸ਼ੇ ਵਾਲੇ ਯੂ ਪੀ ਵੀ ਸੀ ਦਰਵਾਜ਼ੇ ਅਤੇ ਖਿੜਕੀਆਂ, ਸਟੀਲ ਸਿੰਕ ਅਤੇ ਅਲਮਾਰੀ, ਇਲੈਕਟ੍ਰਿਕ ਫਿਟਿੰਗਜ਼ ਵਰਗੇ ਕੰਮ ਵੀ ਹੁੰਦੇ ਹਨ। ਇਹ ਈ ਡਬਲਯੂ ਐੱਸ ਹਾਊਸਿੰਗ ਦੀ ਤੁਲਨਾ ਵਿੱਚ ਕਿਤੇ ਵੱਧ ਮੌਕੇ ਦੇਂਦਾ ਹੈ, ਪਰ ਉਨ੍ਹਾਂ ਦੇ ਰਾਹ ਵਿੱਚ ਕਈ ਅੜਿੱਕੇ ਖੜ੍ਹੇ ਹੋ ਚੁੱਕੇ ਹਨ। ਸਭ ਤੋਂ ਵੱਡੀ ਰੁਕਾਵਟ ਵੱਧ ਟੈਕਸ ਹੈ। ਇੱਕ ਅਧਿਐਨ ਮੁਤਾਬਕ ਮਕਾਨ ਦੇ ਵਿਕਰੀ ਮੁੱਲ ਵਿੱਚ ਚਾਲੀ ਫੀਸਦੀ ਹਿੱਸਾ ਡਿਊਟੀ ਜੀ ਐਸ ਟੀ ਅਤੇ ਹੋਰ ਟੈਕਸਾਂ ਅਤੇ ਲੇਵੀ ਦਾ ਹੁੰਦਾ ਹੈ। ਕੁੱਲ ਮਿਲਾ ਕੇ ਮਿਡ ਇਨਕਮ ਹਾਊਸਿੰਗ, ਰੀਅਲ ਅਸਟੇਟ ਤੇ ਨਿਰਮਾਣ ਉਦਯੋਗ ਨੂੰ ਵੱਡਾ ਸਹਾਰਾ ਦਿੱਤੇ ਬਿਨਾਂ ਭਾਰਤ ਤੇਜ਼ ਆਰਥਿਕ ਤਰੱਕੀ ਦੀ ਰਾਹ 'ਤੇ ਅੱਗੇ ਨਹੀਂ ਵਧ ਸਕੇਗਾ। ਕੋਵਿਡ 19 ਆਫਤ ਦਾ ਇਸ ਉਦਯੋਗ 'ਤੇ ਬਹੁਤ ਬੁਰਾ ਅਸਰ ਪਿਆ ਹੈ। ਇਸ ਲਈ ਸਰਕਾਰ ਤੋਂ ਆਸ ਹੈ ਕਿ ਜੇ ਉਹ ਇਨ੍ਹਾਂ ਪੰਜ ਸੁਝਾਵਾਂ 'ਤੇ ਅਮਲ ਕਰੇ ਤਾਂ ਇਸ ਨਾਲ ਨਾ ਸਿਰਫ ਅਸੀਂ ਇਸ ਆਫਤ ਦੇ ਦੌਰ ਤੋਂ ਬਾਹਰ ਆਵਾਂਗੇ, ਬਲਕਿ ਇਹ ਸਾਡੇ ਚੰਗੇ ਦਿਨਾਂ ਦੀ ਬੁਨਿਆਦ ਵੀ ਰੱਖਣਗੇ।

ਇਸ ਕੜੀ ਵਿੱਚ ਪਹਿਲਾ ਸੁਝਾਅ ਇਹੀ ਹੈ ਕਿ ਆਪਣੀ ਆਮਦਨ ਨਾਲ ਪਹਿਲੀ ਵਾਰ ਘਰ ਖਰੀਦ ਰਹੇ ਕਿਸੇ ਵੀ ਵਿਅਕਤੀ ਨੂੰ ਸਰਕਾਰ ਭੁਗਤਾਨ ਰਾਸ਼ੀ (ਪੂੰਜੀ ਅਤੇ ਵਿਆਜ) 'ਤੇ ਪੂਰੀ ਡਿਡਕਸ਼ਨ ਯਕੀਨੀ ਬਣਾਵੇ। ਕਟੌਤੀ ਦੀ ਮੌਜੂਦਾ ਹੱਦ ਦੋ ਲੱਖ ਰੁਪਏ ਵਾਲੇ ਸਾਰੇ ਲੋਕ ਆਪਣੇ ਘਰ ਬਾਰੇ ਸੋਚ ਸਕਣਗੇ। ਬਾਜ਼ਾਰ ਵਿੱਚ ਪਹਿਲਾਂ ਤੋਂ ਤਕਰੀਬਨ ਸਾਢੇ ਚਾਰ ਲੱਖ ਅਣਵਿਕੇ ਮਕਾਨ ਖੜ੍ਹੇ ਹਨ। ਇਸ ਯੋਜਨਾ ਨਾਲ ਨਾ ਸਿਰਫ ਇਨ੍ਹਾਂ ਮਕਾਨਾਂ ਦੀ ਵਿਕਰੀ ਹੋ ਸਕੇਗੀ, ਸਗੋਂ ਲੱਖਾਂ ਲੋਕਾਂ ਦਾ ਆਪਣੇ ਆਸ਼ਿਆਨੇ ਦਾ ਸੁਫਨਾ ਪੂਰਾ ਹੋਵੇਗਾ। ਦੂਜਾ ਸੁਝਾਅ ਇਹ ਹੈ ਕਿ ਆਵਾਸ ਕਰਜ਼ਾ ਰੈਪੋ ਦਰਾਂ ਵਿੱਚ ਮਸਾਂ ਇੱਕ ਪ੍ਰਤੀਸ਼ਤ ਵੱਧ ਦੀ ਦਰ 'ਤੇ ਹੀ ਦਿੱਤਾ ਜਾਵੇ। ਇਸ ਨਾਲ ਗਾਹਕਾਂ ਨੂੰ ਫਾਇਦੇ ਦੇ ਨਾਲ ਅਰਥਚਾਰੇ ਨੂੰ ਵੀ ਬਹੁਤ ਵੱਡਾ ਸਹਾਰਾ ਮਿਲੇਗਾ। ਤੀਜਾ ਸੁਝਾਅ ਰੀਅਲ ਅਸਟੇਟ ਖਾਸ ਤੌਰ 'ਤੇ ਹਾਊਸਿੰਗ ਨੂੰ ਜੀ ਐੱਸ ਟੀ ਦੇ ਦਾਇਰੇ ਵਿੱਚ ਲਿਆਉਣ ਨਾਲ ਜੁੜਿਆ ਹੈ ਤਾਂ ਜੋ ਇਹ ਦੋਹਰੇ ਟੈਕਸ ਦੇ ਜੰਜਾਲ ਵਿੱਚ ਨਾ ਫਸੇ।

ਫਿਲਹਾਲ ਘਰ ਖਰੀਦਦਾਰ ਨੂੰ ਜੀ ਐੱਸ ਟੀ ਦੇ ਨਾਲ ਸਟੈਂਪ ਡਿਊਟੀ ਵੀ ਭਰਨੀ ਪੈਂਦੀ ਹੈ। ਇਸ ਨਾਲ ਮਕਾਨ ਦੀ ਕੀਮਤ ਬਹੁਤ ਮਹਿੰਗੀ ਹੋ ਜਾਂਦੀ ਹੈ। ਇਸ ਦਾ ਉਦਯੋਗ ਅਤੇ ਅਰਥਚਾਰੇ 'ਤੇ ਉਲਟ ਅਸਰ ਪੈਂਦਾ ਹੈ। ਜੀ ਐਸ ਟੀ ਤੋਂ ਪਹਿਲਾਂ ਸਟੈਂਪ ਡਿਊਟੀ ਪੰਜ ਤੋਂ ਸੱਤ ਫੀਸਦੀ ਦੇ ਘੇਰੇ ਵਿੱਚ ਸੀ, ਪਰ ਅੱਜਕੱਲ੍ਹ ਇਸ ਵਿੱਚ 12 ਫੀਸਦੀ ਦਾ ਵਾਧਾ ਬੋਝ ਪੈ ਗਿਆ ਹੈ। ਇਹ ਪੂਰੀ ਤਰ੍ਹਾਂ ਗਲਤ ਹੈ। ਜੀ ਐਸ ਟੀ ਸੁਧਾਰਾਂ ਵਿੱਚ ਅਜੇ ਸਮਾਂ ਲੱਗ ਸਕਦਾ ਹੈ ਤਾਂ ਸਟੈਂਪ ਡਿਊਟੀ ਤੇ ਹੋਰ ਦਰਾਂ ਨੂੰ ਤਰਕ ਸੰਗਤ ਬਣਾ ਕੇ ਤਤਕਾਲੀ ਰਾਹਤ ਦੀ ਗੁੰਜਾਇਸ਼ ਤਲਾਸ਼ ਕੀਤੀ ਜਾ ਸਕਦੀ ਹੈ। ਕਾਇਦੇ ਨਾਲ ਸਟੈਂਪ ਡਿਊਟੀ ਦੋ ਫੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਚੌਥਾ ਸੁਝਾਅ 'ਕਿਰਾਏ ਉੱਤੇ ਜੀ ਐੱਸ ਟੀ' ਵਰਗੀ ਬੇਹੱਦ ਖਰਾਬ ਟੈਕਸ ਵਿਵਸਥਾ ਨਾਲ ਜੁੜਿਆ ਹੈ। ਇਹ ਕਮਰਸ਼ੀਅਲ ਰੀਅਲ ਅਸਟੇਟ ਵਿੱਚ ਨਿਵੇਸ਼ ਨੂੰ ਸੀਮਤ ਕਰਦੇ ਹੋਏ ਨਿਵੇਸ਼ਕ ਅਤੇ ਸੰਪਤੀ ਪ੍ਰਬੰਧਕ 'ਤੇ ਬੋਝ ਵਧਾਉਣਾ ਹੈ। ਦਰਅਸਲ ਜੀ ਐੱਸ ਟੀ ਇਮਾਰਤ ਵਿੱਚ ਸੇਵਾਵਾਂ ਦੇ ਰੱਖ-ਰਖਾਅ 'ਤੇ ਹੀ ਲਾਗੂ ਹੋਣੀ ਚਾਹੀਦੀ ਹੈ। ਪੰਜਵਾਂ ਸੁਝਾਅ ਲਮਕੇ ਪਏ ਸਾਰੇ ਰੀਅਲ ਅਸਟੇਟ ਪ੍ਰੋਜੈਕਟਾਂ ਨਾਲ ਸੰਬੰਧਤ ਹੈ। ਉਨ੍ਹਾਂ ਨੂੰ ਨਵੇਂ ਸਿਰੇ ਤੋਂ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਕੇਂਦਰ ਸਰਕਾਰ ਨੂੰ ਸਿੱਧੀ ਮਦਦ ਕਰਨੀ ਹੋਵੇਗੀ।

ਇਸ ਨਾਲ ਨਾ ਸਿਰਫ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਹੋਣਗੇ, ਸਗੋਂ ਬੇਹੱਦ ਜ਼ਰੂਰੀ ਬੁਨਿਆਦੀ ਢਾਂਚਾ ਵੀ ਵਿਕਸਤ ਹੋ ਸਕੇਗਾ। ਸਿੱਟੇ ਵਜੋਂ ਭਾਰਤ ਇਸ ਅਹਿਮ ਪੜਾਅ 'ਤੇ ਨਿਵੇਸ਼ ਦੇ ਬੇਹੱਦ ਦਿਲਖਿਚਵੇਂ ਕੇਂਦਰ ਵਜੋਂ ਉਭਰੇਗਾ। ਭਾਰਤ ਬਹੁਤ ਵੱਡਾ ਅਰਥਚਾਰਾ ਹੈ ਤਾਂ ਛੋਟੇ ਮੋਟੇ ਰਾਹਤ ਪੈਕੇਜਾਂ ਸਦਕਾ ਰੀਅਲ ਅਸਟੇਟ ਅਤੇ ਉਸਾਰੀ ਖੇਤਰ ਨੂੰ ਦੁਸ਼ਵਾਰੀਆਂ 'ਚੋਂ ਕੱਢ ਸਕਣਾ ਸੰਭਵ ਨਹੀਂ। ਐੱਨ ਬੀ ਐੱਫ ਸੀ ਬਾਂਡ ਬਾਜ਼ਾਰ ਵਰਗੀਆਂ ਖੁਰਾਕਾਂ ਨਾਲ ਫਿਲਹਾਲ ਜ਼ਰੂਰ ਰਾਹਤ ਮਿਲ ਸਕਦੀ ਹੈ, ਪਰ ਇਹ ਕਾਰਗਰ ਦਵਾਈ ਨਹੀਂ ਹੋਵੇਗੀ। ਜਦ ਕੋਵਿਡ 19 ਦਾ ਇਲਾਜ ਮਿਲ ਜਾਵੇਗਾ ਤਾਂ ਹੋਰ ਉਦਯੋਗਾਂ ਦੀ ਤਰ੍ਹਾਂ ਰੀਅਲ ਅਸਟੇਟ ਦੀ ਗੱਡੀ ਆਮ ਤੌਰ 'ਤੇ ਪਟੜੀ 'ਤੇ ਆ ਜਾਵੇਗੀ।

ਅਸਲ ਵਿੱਚ ਇਹੀ ਉਹ ਵਕਤ ਹੈ ਜਦ ਅਸੀਂ ਇਨ੍ਹਾਂ ਸੁਧਾਰਾਂ ਨਾਲ ਮਜ਼ਬੂਤ ਅਰਥਚਾਰੇ ਦਾ ਮੁੱਢ ਬੰਨ੍ਹ ਸਕਦੇ ਹਾਂ। ਕੀ ਵਿੱਤ ਮੰਤਰੀ ਸਾਡੀ ਗੱਲ ਸੁਣ ਰਹੇ ਹਨ? ਜੇ ਸਰਕਾਰ ਪੂਰੀ ਸੰਜੀਦਗੀ ਨਾਲ ਦੇਸ਼ ਦਾ ਅਰਥਚਾਰਾ ਮਜ਼ਬੂਤ ਕਰਨ ਦੀ ਇੱਛਾ ਰੱਖਦੀ ਹੈ ਤਾਂ ਉਸ ਨੂੰ ਰੀਅਲ ਅਸਟੇਟ ਤੇ ਉਸਾਰੀ ਖੇਤਰ ਵੱਲ ਖਾਸ ਧਿਆਨ ਪਵੇਗਾ ਕਿਉਂਕਿ ਇਸ ਦੀ ਅਣਦੇਖੀ ਨਾਲ ਅਰਥਚਾਰਾ ਪੈਰੀਂ ਹੋਣਾ ਬਹੁਤ ਮੁਸ਼ਕਲ ਹੈ। ਕੇਂਦਰ ਦੇ ਨਾਲ ਨਾਲ ਸੂਬਾ ਸਰਕਾਰਾਂ ਨੂੰ ਵੀ ਰੀਅਲ ਅਸਟੇਟ ਤੇ ਨਿਰਮਾਣ ਖੇਤਰ ਦੀ ਬਿਹਤਰੀ ਲਈ ਵੱਡੇ ਸੁਧਾਰ ਕਰਨੇ ਚਾਹੀਦੇ ਹਨ।

# ਖੱਦਰ ਦੇ ਕੱਪੜੇ ਬੁਣਨ ਵਾਲੀ ਕੁੰਭਲ

-ਪਰਮਜੀਤ ਕੌਰ ਸਰਹਿੰਦ-







ਖੱਡੀ ਤੋਂ ਬਿਨਾਂ ਖੱਦਰ ਦੇ ਕੱਪੜੇ ਬੁਣਨ ਦੀ ਕੁੰਭਲ ਵੀ ਹੁੰਦੀ ਹੈ। ਕੁੰਬਲ ਨੂੰ ਘਰ ਵਿੱਚ ਹੀ ਬਣਾਇਆ ਜਾਂਦਾ ਹੈ। ਇਸ ਲਈ ਤਿੰਨ ਸਵਾ ਕੁ ਤਿੰਨ ਫੁੱਟ ਡੂੰਘਾ ਤੇ ਚਾਰ ਸਵਾ ਚਾਰ ਫੁੱਟ ਵਿਆਸ ਦਾ ਗੋਲ ਟੋਆ ਪੁੱਟਿਆ ਜਾਂਦਾ ਹੈ। ਮੂਹਰਲੇ ਪਾਸੇ ਜ਼ਮੀਨ ਉੱਤੇ ਦੋ ਕਿੱਲੇ ਗੱਡੇ ਜਾਂਦੇ ਹਨ ਅਤੇ ਇਨ੍ਹਾਂ ਨਾਲ ਇੱਕ ਗੋਲ ਡੰਡਾ ਬੰਨ੍ਹਿਆ ਜਾਂਦਾ। ਇਸੇ ਪਾਸੇ ਜ਼ਮੀਨ ਦੇ ਪੱਧਰ ਤੋਂ ਜ਼ਰਾ ਥੱਲੇ ਕਰ ਕੇ ਬੌਣੇ ਦੇ ਬੈਠਣ ਦਾ ਜੁਗਾੜ ਕੀਤਾ ਹੁੰਦਾ ਹੈ। ਇਸ ਥਾਂ 'ਤੇ ਕੱਪੜੇ ਦੀ ਗੱਦੀ ਰੱਖੀ ਜਾਂਦੀ ਹੈ। ਨੀਵੀਂ ਥਾਂ ਬੈਠਣ ਨਾਲ ਬੁਣਿਆ ਜਾਣ ਵਾਲਾ ਕੱਪੜਾ ਕਾਰੀਗਰ ਦੇ ਮੂੰਹ ਸਾਹਮਣੇ ਭਾਵ ਬਰਾਬਰ ਆ ਜਾਂਦਾ ਹੈ। ਬੌਣੇ ਦੇ ਪੈਰੇ ਟੋਏ ਵਿੱਚ ਥੱਲੇ ਹੁੰਦੇ। ਕੁੰਭਲ ਲਈ ਵਰਤੇ ਜਾਂਦੇ ਸਾਮਾਨ ਵਿੱਚ ਹੱਥਾ, ਰੱਛ, ਨਲੀਆਂ, ਕਾਨੇ, ਨਲਕੀ, ਅਟੇਰਨ, ਊਰੀ ਤੇ ਕੂਚ ਸ਼ਾਮਲ ਹੁੰਦੇ ਸਨ। ਪਿੰਡ ਦੀਆਂ ਸੁਆਣੀਆਂ ਤੋਂ ਲਿਆਂਦਾ ਸੂਤ, ਖੱਦਰ ਲਈ ਇਕਹਿਰਾ, ਖੇਸ-ਖੇਸੀਆਂ ਅਤੇ ਦੋੜਿਆਂ ਲਈ ਦੂਹਰਾ ਕਰ ਕੇ ਵਰਤਿਆ ਜਾਂਦਾ। ਦੂਹਰੇ ਕੀਤੇ ਸੂਤ ਨੂੰ ਦਸ ਕੁ ਮੀਟਰ ਦੂਰੀ ਉੱਤੇ ਆਹਮੋ ਸਾਹਮਣੇ ਗੱਡੇ ਚਾਰ ਕਾਨਿਆਂ ਦੁਆਲੇ ਵਲਿਆ ਜਾਂਦਾ। ਮਿੱਟੀ ਦੀ ਵੱਡੀ ਕੁੰਡ ਵਿੱਚ ਗਰਮ ਪਾਣੀ ਪਾ ਕੇ ਆਟਾ ਘੋਲਿਆ ਜਾਂਦਾ ਤੇ ਸੂਤ ਨੂੰ ਕਾਨਿਆਂ ਉਤੇ ਲਪੇਟ ਕੇ ਉਸ ਘੋਲ ਵਿੱਚ ਡੁਬੋਇਆ ਜਾਂਦਾ। ਇਸ ਨੂੰ 'ਪਾਣ' ਦੇਣਾ ਕਿਹਾ ਜਾਂਦਾ।

ਪਾਣ ਦਿੱਤੇ ਸੂਤ ਨੂੰ ਫਿਰ ਖੁੱਲ੍ਹੀ ਥਾਂ ਮਜ਼ਬੂਤ ਕਿੱਲੇ ਆਹਮਣੇ-ਸਾਹਮਣੇ ਗੱਡ ਕੇ ਉਨ੍ਹਾਂ ਨਾਲ ਕੱਸ ਕੇ ਬੰਨ੍ਹ ਦਿੱਤਾ ਜਾਂਦਾ। ਉਸ ਤਣੇ ਹੋਏ ਸੂਤ ਉੱਤੇ 'ਕੂਚ' ਫੇਰਿਆ ਜਾਂਦਾ। ਕੂਚ ਲੱਕੜ ਦੇ ਵੱਡੇ ਕੰਘੇ ਵਾਂਗ ਹੁੰਦਾ। ਕੂਚ ਫੇਰਨ ਲਈ ਬੋਣਾ ਜਾਂ ਪਰਵਾਰ ਦਾ ਹੋਰ ਕੋਈ ਜੀਅ ਸਾਰਾ ਦਿਨ ਖੜ੍ਹੀ ਲੱਤ ਇੱਕ ਸਿਰੇ ਤੋਂ ਦੂਜੇ ਤੱਕ ਵਾਰ-ਵਾਰ ਚੱਕਰ ਕੱਟਦੇ ਅਤੇ ਸੂਤ ਉੱਤੇ ਕੂਚ ਫੇਰਦੇ। ਇਸ ਤਰ੍ਹਾਂ ਸੂਤ ਜਲਦੀ ਸੁੱਕ ਜਾਂਦੀ ਅਤੇ ਆਪਸ ਵਿੱਚ ਨਾ ਉਲਝਦਾ। ਇਸ ਸੂਤ ਨੂੰ ਮੋਟੇ ਗੋਲ ਡੰਡੇ ਉਤੇ ਲਪੇਟਿਆਂ ਜਾਂਦਾ। ਕੁੰਭਲ ਦੇ ਦੂਜੇ ਪਾਸੇ ਦੋਵੇਂ ਸਿਰਿਆਂ ਉੱਤੇ ਦੋ ਕਿੱਲੇ ਗੱਡੇ ਜਾਂਦੇ। ਤਾਣੇ ਵਾਲਾ ਡੰਡਾ ਰੱਸੀਆਂ ਨਾਲ ਕਿੱਲਿਆਂ ਨੂੰ ਬੰਨ੍ਹ ਦਿੱਤਾ ਜਾਂਦਾ। ਇਸ ਪਿੱਛੋਂ ਤਾਣੇ ਵਾਲੇ ਡੰਡੇ ਵਿੱਚੋਂ ਧਾਗਾ ਕੱਢ ਕੇ ਇਹ ਡੋਰਾਂ ਰੱਛ ਵਿੱਚੋਂ ਲੰਘਾਈਆਂ ਜਾਂਦੀਆਂ, ਫਿਰ ਹੱਥੇ ਵਿੱਚੋਂ ਲੰਘਦੀਆਂ ਤੇ ਤਾਣਾ ਤਣਿਆ ਜਾਂਦਾ। ਰੱਛ ਨੂੰ ਘਰ ਦੀ ਛੱਤ ਦੇ ਬਾਲੇ ਜਾਂ ਲਟੈਣ ਨਾਲ ਰੱਸਾ ਪਾ ਕੇ ਬੰਨ੍ਹਿਆ ਜਾਂਦਾ। ਖੱਡੀ ਵਾਂਗ ਹੀ ਕੁੰਭਲ ਵਿੱਚ ਰੱਛ ਦੇ ਪੈੜੇ ਹੁੰਦੇ ਤੇ ਇਹ ਵੀ ਪੈਰਾਂ ਨਾਲ ਦੱਬੇ-ਛੱਡੇ ਜਾਂਦੇ, ਇਨ੍ਹਾਂ ਨਾਲ ਤਾਣਾ ਉਪਰ-ਹੇਠਾਂ ਹੁੰਦਾ।

ਤਾਣਾ ਤਣਨ ਤੋਂ ਬਾਅਦ 'ਨਲਕੀ' ਵਿੱਚ ਧਾਗੇ ਦੀ ਗੁੱਟੀ ਜਾਂ ਰੀਲ੍ਹ ਪਾਈ ਜਾਂਦੀ। ਇਹ ਨਲਕੀ ਵੀ ਖੱਡੀ ਦੇ 'ਸ਼ਟਲ' ਵਰਗੀ ਕਾਮੀ ਹੁੰਦੀ। ਲੱਕੜ ਦੀ ਨਿੱਕੀ ਜਿਹੀ ਕਿਸ਼ਤੀ ਵਰਗੀ ਨਲਕੀ ਵਿੱਚ ਅੰਦਰ ਫਿੱਟ ਕੀਤੀ ਛੋਟੀ ਲੋਹੇ ਦੀ ਰਾਡ 'ਤੇ ਨਲਕੀ ਵਿੱਚ ਕਈ ਵਾਰ ਖੰਭ ਦਾ ਡੱਕਾ ਅੜਾ ਲਿਆ ਜਾਂਦਾ ਸੀ। ਧਾਗਾ ਚੜ੍ਹਾ ਦਿੱਤਾ ਜਾਂਦਾ ਤੇ ਇੱਕ ਸਿਰਾ ਬਾਹਰ ਕੱਢ ਲਿਆ ਜਾਂਦਾ। ਸ਼ਟਲ ਤੇ ਨਲਕੀ ਸ਼ਕਲ ਤਾਂ ਕਾਫੀ ਮਿਲਦੀ ਹੁੰਦੀ, ਪਰ ਇਹ ਹੱਥ ਨਾਲ ਤਾਣੇ ਵਿੱਚੋਂ ਲੰਘਾਈ ਜਾਂਦੀ। ਦਰੀਆਂ ਬੁਣਨ ਵਾਂਗ ਇਹ ਖੱਬਿਓਂ ਸੱਜੇ ਪਾਸੇ ਤੇ ਸੱਜਿਓਂ ਖੱਬੇ ਪਾਸੇ ਵੱਲ ਲਿਜਾਈ ਜਾਂਦੀ। ਧਾਗਾ ਭਾਵ ਸੂਤ ਦਾ 'ਪੇਟਾ' ਜਾਂ ਬਾਣਾ ਪਾਉਂਦੀ ਇਹ ਨਲਕੀ ਬੁਣਨ ਵਾਲੀ ਛੂਹਲੀ ਸੁਆਣੀ ਦੇ ਹੱਥ ਨਾਲ ਤਾਣੇ ਵਿੱਚ ਭੱਜੀ ਫਿਰਦੀ।

ਕੁੰਭਲ ਉੱਤੇ ਕੰਮ ਆਮ ਤੌਰ 'ਤੇ ਘਰ ਦੀਆਂ ਔਰਤਾਂ ਕਰਦੀਆਂ, ਜੋ ਰਾਤ ਬਰਾਤੇ ਵੀ ਲੱਗੀਆਂ ਰਹਿੰਦੀਆਂ। ਮਰਦ ਵੀ ਉਨ੍ਹਾਂ ਦਾ ਪੂਰਾ ਹੱਥ ਵਟਾਉਂਦੇ। ਪੇਟੇ ਨੂੰ ਠੋਕਣ ਲਈ ਹੱਥਾ ਵਰਤਿਆ ਜਾਂਦਾ। ਹੱਥੇ ਨੂੰ ਹੱਥ ਵਿੱਚ ਫੜ ਕੇ ਪੇਟੇ ਨੂੰ ਅੰਦਰ ਵੱਲ ਠੋਕਿਆ ਜਾਂਦਾ। ਤਾਣਾ ਇਕੱਠਾ ਹੋਣ ਜਾਂ ਸੁੰਗੜਨ ਤੋਂ ਬਚਾਉਣ ਲਈ ਇਸ ਵਿੱਚ ਪਣਖ ਪਾਈ ਜਾਂਦੀ। ਇਹ ਲੱਕੜ ਦੀ ਫੱਟੀ ਹੀ ਹੁੰਦੀ। ਜਿਉਂ ਜਿਉਂ ਕੱਪੜਾ ਬੁਣਿਆ ਜਾਂਦਾ, ਤਾਣਾ ਉਧੜਦਾ ਜਾਂਦਾ ਤੇ ਬੁਣੇ ਕੱਪੜੇ ਨੂੰ ਖਰਖਰ ਨਾਲ ਲਪੇਟਿਆ ਜਾਂਦਾ। ਲੋੜ ਅਨੁਸਾਰ ਬਣ ਚੁੱਕੇ ਕੱਪੜੇ ਨੂੰ ਉਤਾਰਨ ਤੋਂ ਪਹਿਲਾਂ ਦੂਜੇ ਸਿਰੇ ਦੇ ਡੰਡੇ ਵੱਲ ਆ ਰਿਹਾ ਤਾਣਾ ਕੱਪੜੇ ਦੇ ਨੇੜਿਓਂ ਕੱਟ ਦਿੱਤਾ ਜਾਂਦਾ। ਬਣਿਆ ਹੋਇਆ ਕੱਪੜਾ ਕਿੱਲਿਆਂ ਨਾਲੋਂ ਖਰਖਰ ਖੋਲ੍ਹ ਕੇ ਉਸ ਤੋਂ ਉਤਾਰ ਲਿਆ ਜਾਂਦਾ। ਇਹ ਮਿਹਨਤੀ ਜਿਊੜੇ ਦਿਨ ਰਾਤ ਮਿਹਨਤ ਕਰ ਕੇ ਖੱਦਰ ਦੇ ਕੱਪੜੇ ਬੁਣਦੇ ਕਈ ਜਿਮੀਂਦਾਰ ਪਰਵਾਰਾਂ ਦੇ ਘਰਾਂ ਵਿੱਚ ਵੀ ਖੱਡੀ ਦਾ ਕੰਮ ਕੀਤਾ ਜਾਂਦਾ। ਘਰ ਦੀਆਂ ਕੁੜੀਆਂ-ਕੱਤਰੀਆਂ ਜਾਂ ਔਰਤਾਂ ਘਰੇਲੂ ਲੋੜ ਲਈ ਖੱਦਰ ਤੇ ਛੋਟੀਆਂ ਪਤਲੀਆਂ ਚੱਦਰਾਂ ਜੋ ਡੱਬੀਦਾਰ ਖੇਸ ਵਾਂਘ ਹੁੰਦੀਆਂ ਆਪੇ ਬੁਣ ਲੈਂਦੀਆਂ। ਖੱਦਰ ਦੇ ਟੋਟੇ ਨੂੰ ਰੇਜਾ ਵੀ ਕਿਹਾ ਜਾਂਦਾ। ਇਹ ਰੇਜੇ ਕਿਸੇ ਮਹਿਮਾਨ ਨੂੰ ਮਾਣ ਵਜੋਂ ਵੀ ਦਿੱਤੇ ਜਾਂਦੇ, ਜਿਵੇਂ ਅਜੋਕੇ ਸਮੇਂ ਕੰਬਲ ਜਾਂ ਲੋਈਆਂ ਦਿੱਤੀਆਂ ਜਾਂਦੀਆਂ ਹਨ। ਘਰਾਂ ਵਿਚ ਇਹ ਕੰਮ ਸ਼ੌਕੀਆ ਵੀ ਕੀਤਾ ਜਾਂਦਾ ਸੀ, ਪਰ ਬੌਣੇ ਆਪਣੀ ਰੋਜ਼ੀ ਰੋਟੀ ਲਈ ਮਿਹਨਤ-ਮੁਸ਼ੱਕਤ ਕਰਦੇ ਹਨ। ਇਹ ਲੋਕ ਵੀ ਉਨ੍ਹਾਂ ਸਮਿਆਂ ਵਿੱਚ ਆਪਣੀ ਕਿਰਤ ਦਾ ਮੁੱਲ ਦਾਣਿਆਂ ਵਿੱਚ ਹੀ ਲੈਂਦੇ। ਬੁਣੇ ਹੋਏ ਕੱਪੜੇ ਦੇ ਬਰਾਬਰ ਅਨਾਜ ਤੋਲ ਕੇ ਦਿੱਤਾ ਜਾਂਦਾ ਅਤੇ ਨਾਲ ਇੱਕ ਨਗ ਦੀ ਪੰਜ ਰੁਪਏ ਬੁਣਾਈ ਦਿੱਤੀ ਜਾਂਦੀ। ਇਹ ਮਿਹਨਤਾਨਾ ਉਨ੍ਹਾਂ ਦੀ ਕਰੜੀ ਘਾਲਣਾ ਮੁਤਾਬਕ ਭਾਵੇਂ ਘੱਟ ਹੀ ਹੁੰਦਾ, ਪਰ ਉਹ ਇਸੇ ਵਿੱਚ ਖੁਸ਼ ਹੁੰਦੇ।

ਅਜੋਕੇ ਸਮੇਂ ਇਹ ਕੁੰਭਲਾਂ ਤੇ ਖੱਡੀਆਂ ਭਾਲਿਆਂ ਨਹੀਂ ਲੱਭਦੀਆਂ, ਪਰ ਇਹ ਸਾਡੀ ਵਿਰਾਸਤ ਦਾ ਸੁੰਦਰ ਨਮੂਨਾ ਹਨ ਤੇ ਇਨ੍ਹਾਂ ਦੀ ਬਣਤਰ ਨਾਲ ਹੀ ਅੱਗੋਂ ਮਸ਼ੀਨਾਂ ਬਣੀਆਂ। ਅੱਜ ਭਾਵੇਂ ਖੇਸ-ਖੇਸੀਆਂ ਅਤੇ ਹੋਰ ਸੂਤੀ ਕੱਪੜਾ ਜਾਂ ਖੱਦਰ ਮਸ਼ੀਨਾਂ ਉੱਤੇ ਬਣਦਾ ਹੈ, ਪਰ ਇਸ ਦੀ ਮੰਗ ਅਜੇ ਵੀ ਹੈ। ਸਰਕਾਰ ਦੇ ਬਣਾਏ ਖਾਦੀ ਭੰਡਾਰਾਂ ਵਿੱਚੋਂ ਪਿੰਡਾਂ ਦੇ ਲੋਕ ਅਜੇ ਵੀ ਖੱਦਰ ਜਾਂ ਸੂਤੀ ਕੱਪੜਾ ਲੈਂਦੇ ਹਨ। ਮਿਹਨਤ ਕਰਦੀਆਂ ਪੇਂਡੂ ਔਰਤਾਂ ਸੂਤ ਕੱਤ ਕੇ ਖਾਦੀ ਭੰਡਾਰ ਵਿੱਚ ਬਣਵਾਈ ਦੇ ਕੇ ਲੋੜ ਦਾ ਕੋਈ ਖੇਸ-ਚੱਦਰ ਜਾਂ ਰਜਾਈਆਂ ਦੇ ਚੰਦੇ ਤੇ ਅੰਦਰੋੜ ਵਗੈਰਾ ਲੈ ਲੈਂਦੀਆਂ ਹਨ। ਇਨ੍ਹਾਂ ਖਾਦੀ ਭੰਡਾਰਾਂ ਵਿੱਚ ਦਰੀਆਂ ਵੀ ਮਿਲ ਜਾਂਦੀਆਂ ਹਨ, ਪਰ ਜੋ ਠੁੱਕ ਉਨ੍ਹਾਂ ਹੱਥੀਂ ਬੁਣੇ ਖੇਸ ਖੇਸੀਆਂ ਜਾਂ ਦੋੜਿਆਂ ਦੀ ਹੁੰਦੀ ਸੀ, ਉਹ ਇਨ੍ਹਾਂ ਮਸ਼ੀਨਾਂ ਕੱਪੜਿਆਂ ਦੀ ਨਹੀਂ ਹੁੰਦੀ।

ਅੱਜ ਇਨ੍ਹਾਂ ਕਿਰਤੀਆਂ ਨੇ ਜੱਦੀ ਪੁਸ਼ਤੈਨੀ ਕਿੱਤਾ ਛੱਡ ਦਿੱਤਾ ਹੈ। ਕੋਈ ਵਿਰਲਾ ਹੀ ਇਹ ਔਖਾ ਕੰਮ ਕਰਦਾ ਹੈ। ਇਹ ਲੋਕ ਪੜ੍ਹ ਲਿਖ ਕੇ ਹਰ ਖੇਤਰ ਵਿੱਚ ਚੰਗੇ ਅਹੁਦਿਆਂ 'ਤੇ ਹਨ, ਪਰ ਜਿਨ੍ਹਾਂ ਨੇ ਖੱਡੀਆਂ-ਕੁੰਭਲਾਂ ਉੱਤੇ ਰਾਤਾਂ ਜਾਗ ਕੇ ਮਿਹਨਤਾਂ ਕੀਤੀਆਂ ਹਨ, ਉਹ ਅਜੇ ਵੀ ਗੱਲਾਂ ਕਰਦਿਆਂ ਉਨ੍ਹਾਂ ਪਲਾਂ ਨੂੰ ਚੇਤੇ ਕਰ ਕੇ ਉਦਾਸ ਹੁੰਦੇ ਹਨ ਜਿਨ੍ਹਾਂ ਵਿੱਚ ਅੱਜ ਦੇ ਸਮੇਂ ਵਰਗੀ ਕਾਹਲ ਨਹੀਂ ਸੀ। ਉਹ ਥੋੜੀ ਵਿੱਚ ਗੁਜ਼ਾਰਾ ਕਰਦੇ ਵੀ ਖੁਸ਼ ਸਨ, ਪਰ ਅੱਜ ਵੱਧ ਕਮਾਉਂਦੇ ਵੀ ਤਣਾਅ ਵਿੱਚ ਰਹਿੰਦੇ ਹਨ। ਇਹ ਗੱਲ ਸੋਚਣੀ ਬਣਦੀ ਹੈ ਕਿ ਇੱਕੀਵੀਂ ਸਦੀ ਵਿੱਚ ਕੁੰਭਲਾਂ-ਖੱਡੀਆਂ ਉੱਤੇ ਖੇਸ-ਖੱਦਰ ਬੁਣ ਕੇ ਗੁਜ਼ਾਰਾ ਨਹੀਂ ਹੈ, ਅੱਜ ਲੋਕ ਚੰਨ ਉੱਤੇ ਪੁੱਜ ਚੁੱਕੇ ਹਨ। ਅੱਜ ਅੰਦਰ ਟੋਏ ਪੁੱਟ ਕੇ ਜਾਂ ਖੱਡੀਆਂ ਬਣਾ ਕੇ ਖੱਦਰ ਬੁਣਨ ਦਾ ਸਮਾਂ ਨਹੀਂ, ਬਲਕਿ ਵੱਡੀਆਂ-ਵੱਡੀਆਂ ਮਿੱਲਾਂ ਵਿੱਚ ਅੰਬਰ ਛੂੰਹਦੀਆਂ ਚਿਮਨੀਆਂ ਵਾਲੀਆਂ ਇਮਾਰਤਾਂ ਵਿੱਚ ਤੀਹ ਗਜ਼ ਦੇ ਕੋਰੇ ਬਣਨ ਦਾ ਨਹੀਂ ਹਜ਼ਾਰਾਂ ਗਜ਼ ਕੱਪੜਾ ਰੋਜ਼ ਤਿਆਰ ਕਰਨ ਵਾਲਾ ਆਧੁਨਿਕ ਸਮਾਂ ਹੈ, ਪਰ ਖੱਡੀਆਂ-ਕੁੰਭਲਾਂ ਦੀ ਕੁੱਖੋਂ ਹੀ ਇਹ ਮਿੱਲਾਂ ਜਨਮੀਆਂ ਹਨ, ਸੋ ਉਨ੍ਹਾਂ ਨੂ ਵੀ ਚੇਤੇ ਕਰਨਾ ਬਣਦਾ ਹੈ।

## ਉਡਾਣਾਂ, ਟਰੇਨਾਂ ਅਤੇ ਬੱਸਾਂ ਉੱਤੇ ਪੰਜਾਬ ਆਉਣ ਵਾਲੇ ਸਾਰੇ ਲੋਕ ਕੁਆਰੰਟੀਨ ਕੀਤੇ ਜਾਣਗੇ: ਕੈਪਟਨ



ਚੰਡੀਗੜ੍ਹ, 24 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸ਼ਨੀਵਾਰ ਨੂੰ ਸਾਫ ਕਹਿ ਦਿੱਤਾ ਹੈ ਕਿ ਘਰੇਲੂ ਜਾਂ ਵਿਦੇਸ਼ਾਂ ਤੋਂ ਆਉਂਦੀਆਂ ਉਡਾਣਾਂ, ਰੇਲ ਗੱਡੀਆਂ ਤੇ ਬੱਸਾਂ ਉੱਤੇ ਪੰਜਾਬ ਵਿੱਚ ਦਾਖਲ ਹੋਣ ਵਾਲੇ ਸਾਰੇ ਲੋਕਾਂ ਨੂੰ ਲਾਜ਼ਮੀ ਤੌਰ ਉੱਤੇ 14 ਦਿਨਾਂ ਲਈ ਕੁਆਰੰਟੀਨ ਕੀਤਾ ਜਾਵੇਗਾ।

ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਫ ਕੀਤਾ ਕਿ ਪੰਜਾਬ ਆਏ ਲੋਕਾਂ ਦੀ ਜਾਂਚ ਇਸ ਰਾਜ ਦੇ ਤੇ ਹਰ ਜ਼ਿਲ੍ਹੇ ਦੇ ਅੰਟਰੀ ਪੁਆਇੰਟ ਉੱਤੇ ਕੀਤੀ ਜਾਵੇਗੀ। ਜਾਂਚ ਵਿੱਚ ਪਾਜ਼ਿਟਿਵ ਪਾਏ ਗਏ ਲੋਕਾਂ ਨੂੰ ਸਰਕਾਰ ਵੱਲੋਂ ਮਿਥੇ ਕੁਆਰੰਟੀਨ ਟਿਕਾਣੇ ਉੱਤੇ ਭੇਜਿਆ ਜਾਵੇਗਾ, ਪਰ ਬਾਕੀਆਂ ਨੂੰ 2 ਹਫ਼ਤੇ ਲਈ ਉਨ੍ਹਾਂ ਦੇ ਘਰ ਵਿੱਚ ਕੁਆਰੰਟੀਨ ਰਹਿਣਾ ਪਵੇਗਾ। ਮੁੱਖ ਮੰਤਰੀ ਨੇ ਆਪਣੇ ਫੇਸਬੁੱਕ ਲਾਈਵ ਪ੍ਰੋਗਰਾਮ #ASKCaptain ਰਾਹੀਂ ਅੱਜ ਕਿਹਾ ਕਿ ਰੈਪਿਡ ਟੈਸਟਿੰਗ ਟੀਮਾਂ ਘਰਾਂ ਵਿੱਚ ਨਜ਼ਰਬੰਦ ਲੋਕਾਂ ਦੀ ਜਾਂਚ ਵੀ ਕਰਨਗੀਆਂ ਅਤੇ ਕੋਰੋਨਾ ਵਾਲੇ ਕੋਈ ਲੱਛਣ ਪਾਏ ਗਏ ਤਾਂ ਸੰਬੰਧਤ ਲੋਕਾਂ ਨੂੰ ਹਸਪਤਾਲਾਂ ਜਾਂ ਆਈਸੋਲੇਸ਼ਨ ਕੇਂਦਰਾਂ ਤੋਂ ਜਾਂਚ ਕਰਾਉਣੀ ਪਵੇਗੀ। ਉਨ੍ਹਾਂ ਨੇ ਸਾਫ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਜਾਂ ਦੁਨੀਆ ਦੇ ਕਿਸੇ ਵੀ ਹਿੱਸੇ ਤੋਂ ਜਾਂਚ ਦੇ ਸਰਟੀਫਿਕੇਟ ਨਹੀਂ ਮੰਨੇਗੀ।

# ਰਿਜ਼ਰਵ ਬੈਂਕ ਵੱਲੋਂ ਬੈਂਕ ਕਰਜ਼ਿਆਂ ਦੀ ਕਿਸ਼ਤ ਦੇ ਭੁਗਤਾਨ ਵਿੱਚ ਤਿੰਨ ਮਹੀਨੇ ਦੀ ਹੋਰ ਰਾਹਤ

ਮੁੰਬਈ, 24 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਦੇਸ਼ ਭਰ ਵਿੱਚ ਲੱਗੀ ਤਾਲਾਬੰਦੀ ਕਾਰਨ ਸੁਸਤ ਪਈ ਅਰਥ ਵਿਵਸਥਾ ਨੂੰ ਹੁਲਾਰਾ ਦੇਣ ਲਈ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਕਰਜ਼ਾ ਲੈਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਕਰਜ਼ਾ ਵਾਪਸ ਕਰਨ ਦੇ ਸਮੇਂ (ਮੋਰੇਟੋਰੀਅਮ ਪੀਰੀਅਡ) ਹੋਰ ਤਿੰਨ ਮਹੀਨੇ ਦਾ ਵਾਧਾ ਕਰ ਕੇ ਇਸ ਨੂੰ ਅਗਸਤ ਤੱਕ ਵਧਾ ਦਿੱਤਾ ਹੈ।




ਇਸ ਬਾਰੇ ਪ੍ਰੈਸ ਕਾਨਫਰੰਸ ਦੌਰਾਨ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਆਸਾਨ ਮਹੀਨਾ ਵਾਰ ਕਿਸ਼ਤ (ਈ ਐੱਮ ਆਈ) ਦੇ ਭੁਗਤਾਨ 'ਤੇ ਤਿੰਨ ਮਹੀਨੇ ਦੀ ਵਾਧੂ ਛੋਟ ਦਾ ਐਲਾਨ ਕਰਦਿਆਂ ਕਿਹਾ ਕਿ ਘਰੇਲੂ, ਨਿੱਜੀ ਤੇ ਵਾਹਨਾਂ ਉੱਤੇ ਕਰਜ਼ਿਆਂ ਦੀ ਕਿਸ਼ਤ ਦੇ ਭੁਗਤਾਨ ਦੀ ਛੋਟ ਅਗਸਤ ਤੱਕ ਵਧਾ ਦਿੱਤੀ ਹੈ। ਵਰਨਣ ਯੋਗ ਹੈ ਕਿ ਤਾਲਾਬੰਦੀ ਹੇਠ ਰਿਜ਼ਰਵ ਬੈਂਕ ਨੇ ਤੀਸਰੀ ਵਾਰ ਕੁਝ ਰਾਹਤਾਂ ਦਾ ਐਲਾਨ ਕੀਤਾ ਹੈ, ਜਿਸ ਵਿੱਚ ਆਸਾਨ ਮਾਸਿਕ ਕਿਸ਼ਤ ਦਾ ਬੋਝ ਘੱਟ ਕਰਨ ਦੇ ਲਈ ਕੋਸ਼ਿਸ਼ਾਂ ਜਾਰੀ ਹਨ। ਰਿਜ਼ਰਵ ਬੈਂਕ ਨੇ ਵਿਆਜ ਦਰਾਂ (ਰੈਪੋ ਰੇਟ) ਵਿੱਚ 0.40 ਫੀਸਦੀ ਕਮੀ ਕਰ ਦਿੱਤੀ ਹੈ, ਜਿਸ ਨਾਲ ਕਿਸ਼ਤ ਦੇ ਭੁਗਤਾਨ ਦਾ ਬੋਝ ਘਟੇਗਾ। ਰੈਪੋ ਰੇਟ ਨੂੰ 4.4 ਤੋਂ ਘਟਾ ਕੇ 4.00 ਫੀਸਦੀ ਕਰ ਦਿੱਤਾ ਗਿਆ ਹੈ। ਇਸ ਮੌਕੇ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਮਾਰਚ ਤੋਂ ਬਾਅਦ ਸੰਸਾਰ ਆਰਥਿਕਤਾ ਵਿੱਚ ਗਿਰਾਵਟ ਆਈ ਹੈ। ਮੰਗ ਵਿੱਚ ਕਮੀ ਦੇ ਕਾਰਨ ਨਿਵੇਸ਼ ਵਿੱਚ ਵੀ ਭਾਰੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਮਾਹੌਲ ਦੇ ਕਾਰਨ ਖੇਤੀ ਸੈਕਟਰ ਤੋਂ ਵੱਡੀਆਂ ਆਸਾਂ ਹਨ। ਉਨ੍ਹਾਂ ਕਿਹਾ ਕਿ ਮਾਰਚ ਵਿੱਚ ਉਸਾਰੀ ਵਿੱਚ 17 ਫੀਸਦੀ ਗਿਰਾਵਟ ਦਰਜ ਹੋਈ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਕਾਰਨ ਸਰਕਾਰ ਦੀ ਆਮਦਨ ਬੁਰੀ ਤਰ੍ਹਾਂ ਪ੍ਰਭਾਵਤ ਹੈ। ਮਹਿੰਗਾਈ ਦਰ ਸਤੰਬਰ 2020 ਤੋਂ ਬਾਅਦ ਘੱਟ ਹੋਵੇਗੀ ਤੇ ਇਹ 4 ਫੀਸਦੀ ਤੋਂ ਘੱਟ ਰਹਿ ਸਕਦੀ ਹੈ। ਉਨ੍ਹਾਂ ਕਿਹਾ ਕਿ ਦਾਲਾਂ, ਤੇਲ ਬੀਜਾਂ ਅਤੇ ਆਨਾਜ ਦੀ ਮਹਿੰਗਾਈ 'ਚ ਤੇਜ਼ੀ ਆਈ ਹੈ। ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 'ਚ 9.2 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਮੰਗ 'ਤੇ ਸਪਲਾਈ ਦਾ ਅਨੁਪਾਤ ਵਿਗੜਨ ਕਾਰਨ ਦੇਸ਼ ਦਾ ਅਰਥਚਾਰਾ ਠੱਪ ਹੋ ਗਿਆ ਹੈ। ਸਰਕਾਰੀ ਕੋਸ਼ਿਸ਼ਾਂ ਤੇ ਰਿਜ਼ਰਵ ਬੈਂਕ ਦੇ ਕਦਮਾਂ ਦਾ ਅਸਰ ਸਤੰਬਰ ਤੋਂ ਬਾਅਦ ਵਿਖਾਈ ਦੇਵੇਗਾ। ਉਨ੍ਹਾਂ ਨੇ ਕਿਹਾ ਕਿ ਰਿਜ਼ਰਵ ਬੈਂਕ ਨੇ ਐਕਸ ਆਈ ਐੱਮ ਬੈਂਕ ਨੂੰ 15000 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

## ਪੱਤਰਕਾਰ ਸਨਪ੍ਰੀਤ ਮਾਂਗਟ ਦੇ ਕਤਲ ਦੇ ਛੇ ਦੋਸ਼ੀ ਗ੍ਰਿਫ਼ਤਾਰ



ਨਵਾਂਸ਼ਹਿਰ, 24 ਮਈ (ਪੋਸਟ ਬਿਊਰੋ)- ਪੱਤਰਕਾਰ ਸਨਪ੍ਰੀਤ ਸਿੰਘ ਮਾਂਗਟ ਦੇ ਕਤਲ ਦੇ ਦੋਸ਼ ਵਿੱਚ ਜ਼ਿਲ੍ਹਾ ਪੁਲਸ ਨੇ ਛੇ ਜਣਿਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਤੋਂ ਜਿੱਥੋਂ ਤੇਜ਼ਧਾਰ ਹਥਿਆਰ ਅਤੇ ਦੋ ਮੋਟਰਸਾਈਕਲ ਬਰਾਮਦ ਕੀਤੇ ਹਨ, ਉਥੇ ਹੋਰ ਵਾਰਦਾਤਾਂ ਦੀ ਪੜਤਾਲ ਅਤੇ ਪੈਸਿਆਂ ਦੀ ਬਰਾਮਦਗੀ ਲਈ ਰਿਮਾਂਡ ਹਾਸਲ ਕੀਤਾ ਗਿਆ ਹੈ।

ਜ਼ਿਲ੍ਹਾ ਪੁਲਸ ਮੈਡਮ ਅਲਕਾ ਮੀਨਾ ਨੇ ਦੱਸਿਆ ਕਿ ਸਨਪ੍ਰੀਤ ਸਿੰਘ ਪਿਛਲੇ ਤਿੰਨ ਸਾਲ ਤੋਂ ਕਿਸੇ ਵੀ ਅਖ਼ਬਾਰ ਜਾਂ ਚੈਨਲ ਨਾਲ ਕੰਮ ਨਹੀਂ ਸੀ ਕਰ ਰਿਹਾ, ਪਰ ਉਸ ਦੇ ਕਤਲ ਕੇਸ ਦੀ ਪੁਲਸ ਡੂੰਘਾਈ ਨਾਲ ਜਾਂਚ ਕਰ ਰਹੀ ਹੈ।ਡੀ ਐਸ ਪੀ (ਡੀ) ਹਰਜੀਤ ਸਿੰਘ, ਬਖਸ਼ੀਸ਼ ਸਿੰਘ ਐਸ ਐਚ ਓ ਰਾਹੋਂ ਨੇ ਜਗਦੀਪ ਸਿੰਘ ਉਰਫ ਬੱਬੂ ਬਾਜਵਾ, ਬਖਸ਼ੀਸ਼ ਸਿੰਘ ਉਰਫ ਬੱਬੀ, ਹਰਸ਼, ਜਨਿਤ ਕੁਮਾਰ ਵਾਸੀ ਰਾਹੋਂ ਅਤੇ ਹਰਜਿੰਦਰ ਸਿੰਘ ਉਰਫ ਭੁੱਟਾ, ਕਮਲਜੀਤ ਸਿੰਘ ਵਾਸੀ ਗੜ੍ਹਪਧਾਣਾਂ ਨੂੰ ਸ਼ੱਕ ਦੇ ਆਧਾਰ 'ਤੇ ਹਿਰਾਸਤ 'ਚ ਲੈ ਕੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਜੁਰਮ ਕਬੂਲ ਕਰ ਕੇ ਕਿਹਾ ਕਿ 10 ਮਈ ਦੀ ਰਾਤ ਉਨ੍ਹਾਂ ਗੜੀ ਮੋੜ ਉਤੇ ਸਨਪ੍ਰੀਤ ਨੂੰ ਲੁੱਟਣ ਲਈ ਰੋਕਿਆ ਸੀ ਤਾਂ ਤਤਕਾਰ ਦੌਰਾਨ ਉਨ੍ਹਾਂ ਸਨਪ੍ਰੀਤ ਉੱਤੇ ਕਈ ਵਾਰ ਕੀਤੇ ਸਨ, ਜਿਸ ਨਾਲ ਉਸਦੀ ਮੌਕੇ 'ਤੇ ਮੌਤ ਹੋ ਗਈ। ਇਸ ਮਗਰੋਂ ਉਹ 15 ਹਜ਼ਾਰ ਰੁਪਏ, ਚਾਂਦੀ ਦੀ ਚੇਨ ਤੇ ਪਰਸ ਲੁੱਟ ਕੇ ਫ਼ਰਾਰ ਹੋ ਗਏ ਸਨ। ਪੁਲਸ ਨੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮਹਾਰਾਸ਼ਟਰ ਅਤੇ ਗੁਜਰਾਤ ਪੁਲਸ ਕੋਰੋਨਾ ਵਾਇਰਸ ਦੇ ਹਮਲੇ ਦੀ ਮਾਰ ਹੇਠ

* ਮਹਾਰਾਸ਼ਟਰ 1666 ਤੇ ਗੁਜਰਾਤ ਦੇ 300 ਪੁਲਸ ਵਾਲੇ ਪ੍ਰਭਾਵਤ



ਮੁੰਬਈ, 24 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਦੌਰਾਨ ਡਿਊਟੀ ਕਰਦੇ ਕਈ ਲੋਕ ਇਸ ਵਾਇਰਸ ਦੇ ਨਾਲ ਵੱਡੇ ਪੱਧਰ ਉੱਤੇ ਪ੍ਰਭਾਵਤ ਹੋ ਰਹੇ ਹਨ। ਇਸ ਦੇ ਸਭ ਤੋਂ ਵੱਧ ਪ੍ਰਭਾਵਿਤ ਦੋ ਰਾਜਾਂ ਮਹਾਰਾਸ਼ਟਰ ਵਿੱਚ 1666 ਪੁਲਸ ਵਾਲੇ ਅਤੇ ਗੁਜਰਾਤ ਵਿੱਚ 300 ਤੋਂ ਵੱਧ ਪੁਲਸ ਵਾਲੇ ਵੀ ਕੋਰੋਨਾ ਤੋਂ ਪ੍ਰਭਾਵਤ ਹੋ ਚੁੱਕੇ ਹਨ।

ਮਿਲੀ ਜਾਣਕਾਰੀ ਅਨੁਸਾਰ ਮਹਾਮਾਰੀ ਵੇਲੇ ਡਿਊਟੀ 'ਤੇ ਲੱਗੇ ਪੁਲਸ ਵਾਲਿਆਂ ਦੇ ਪੀੜਤ ਹੋਣ ਨਾਲ ਸਮੱਸਿਆਵਾਂ ਵੱਧ ਗਈਆਂ ਹਨ। ਲਾਕਡਾਊਨ ਦੇ ਚੌਥੇ ਪੜਾਅ ਦੌਰਾਨ ਰਾਜ ਵਿੱਚ ਕੇਂਦਰੀ ਰਿਜ਼ਰਵ ਪੁਲਸ ਫੋਰਸਾਂ (ਸੀ ਏ ਪੀ ਐਫ) ਦੀਆਂ 9 ਵਿੱਚੋਂ 5 ਕੰਪਨੀਆਂ ਮੁੰਬਈ ਤੇ ਬਾਕੀ ਹੋਰ ਜ਼ਿਲ੍ਹਿਆਂ ਵਿੱਚ ਲਾਈਆਂ ਗਈਆਂ ਹਨ। ਇਨ੍ਹਾਂ ਵਿੱਚ ਕੇਂਦਰੀ ਰਿਜਰਵ ਪੁਲਸ ਫੋਰਸ ਅਤੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੀ ਕੰਪਨੀਆਂ ਵੀ ਹਨ।

ਗੁਜਰਾਤ ਦੇ ਸਾਬਰਕਾਂਠਾ ਜ਼ਿਲ੍ਹੇ ਵਿੱਚ ਕੱਲ੍ਹ ਕੋਵਿਡ-19 ਦੇ ਪ੍ਰਭਾਵਤ ਸੂਬਾਈ ਪੁਲਸ ਦੇ ਇੱਕ ਹੈਡ-ਕਾਂਸਟੇਬਲ ਦੀ ਮੌਤ ਹੋ ਗਈ ਹੈ ਜਿਸ ਨਾਲ ਰਾਜ ਵਿੱਚ ਮਰਨ ਵਾਲੇ ਪੁਲਸ ਮੁਲਾਜ਼ਮਾਂ ਦੀ ਗਿਣਤੀ ਦੋ ਹੋ ਗਈ ਹੈ।

### ਥਾਣੇ ਵਿੱਚ ਨਾਬਾਲਗ ਨੂੰ ਨੰਗੇ ਕਰਨ ਨੂੰ ਅਦਾਲਤ ਨੇ ਸ਼ਰਮਿੰਦਗੀ ਦਾ ਕੰਮ ਕਿਹਾ


ਚੰਡੀਗੜ੍ਹ, 24 ਮਈ (ਪੋਸਟ ਬਿਊਰੋ)- ਪੰਜਾਬ ਦੇ ਇੱਕ ਥਾਣੇ ਵਿੱਚ ਪਿਛਲੇ ਸਾਲ ਇੱਕ ਪਿਤਾ, ਉਸ ਦੇ ਨਾਬਾਲਗ ਬੇਟੇ ਤੇ ਉਨ੍ਹਾਂ ਦੇ ਅਨੁਸੂਚਿਤ ਜਾਤੀ ਦੇ ਸਾਥੀ ਨੂੰ ਨੰਗੇ ਕਰਨ ਤੇ ਅਸ਼ਲੀਲ ਵੀਡੀਓ ਬਣਾਉਣ ਦੇ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਪੁਲਸ ਦੇ ਇਸ ਕਾਰੇ ਤੋਂ ਅਦਾਲਤ ਵੀ ਸ਼ਰਮਸਾਰ ਹੈ।

ਵਰਨਣ ਯੋਗ ਹੈ ਕਿ ਪੰਜਾਬ ਦੇ ਖੰਨਾ ਸਦਰ ਥਾਣੇ ਦੀ ਇਸ ਘਟਨਾ ਦਾ ਵੀਡੀਓ ਵਾਇਰਲ ਹੋਣ ਦੇ ਬਾਅਦ ਜਾਰੀ ਹੋਏ ਹੁਕਮਾਂ ਵਿੱਚ ਹਾਈ ਕੋਰਟ ਨੇ ਪੰਜਾਬ ਪੁਲਸ ਦੇ ਮੁਖੀ ਨੂੰ ਇਸ ਦੀ ਜਾਂਚ ਕਰਾਉਣ ਦੇ ਹੁਕਮ ਦਿੱਤੇ ਹਨ। ਇਸ ਕੇਸ ਵਿੱਚ ਪੀੜਤਾਂ ਵਿੱਚੋਂ ਇਕ ਜਗਪਾਲ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਜਾਨ-ਮਾਲ ਦੀ ਸੁਰੱਖਿਆ ਅਤੇ ਆਪਣੇ ਨਾਲ ਥਾਣੇ ਵਿੱਚ ਦੁਰਵਿਹਾਰ ਦੇ ਦੋਸ਼ੀ ਪੁਲਸ ਵਾਲਿਆਂ ਖਿਲਾਫ ਕੇਸ ਦਰਜ ਕੀਤੇ ਜਾਣ ਦੀ ਮੰਗ ਕੀਤੀ ਹੈ। ਪਟੀਸ਼ਨ 'ਤੇ ਸੁਣਵਾਈ ਦੌਰਾਨ ਜਸਟਿਸ ਨਿਰਮਲਜੀਤ ਕੌਰ ਨੇ ਡੀ ਜੀ ਪੀ ਦਫਤਰ ਤੋਂ 18 ਅਪ੍ਰੈਲ ਨੂੰ ਜਾਰੀ ਹੁਕਮਾਂ ਦਾ ਖੁਲਾਸਾ ਕਰਦੇ ਹੋਏ ਕਿਹਾ ਕਿ ਡੀ ਜੀ ਪੀ ਨੇ ਇਸ ਦੀ ਜਾਂਚ ਲੁਧਿਆਣਾ ਰੇਂਜ ਦੇ ਆਈ ਜੀ ਜਸਕਰਨ ਸਿੰਘ ਨੂੰ ਸੌਂਪੀ ਸੀ, ਪ੍ਰੰਤੂ ਹਾਲੇ ਤੱਕ ਇਹ ਜਾਂਚ ਅੱਗੇ ਨਹੀਂ ਵਧੀ। ਇਸ ਬਾਰੇ ਸਿੱਧੇ ਡੀ ਜੀ ਪੀ ਦੀ ਨਿਗਰਾਨੀ ਵਿੱਚ ਜਾਂਚ ਕਰਵਾਉਣ ਦੇ ਹੁਕਮ ਦੇਂਦੇ ਹੋਏ ਜਸਟਿਸ ਨਿਰਮਲਜੀਤ ਕੌਰ ਨੇ ਕਿਹਾ ਕਿ ਡੀ ਜੀ ਪੀ ਚਾਹੁਣ ਤਾਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ ਆਈ ਟੀ) ਬਣਾ ਕੇ ਇਸ ਮਾਮਲੇ ਦੀ ਜਾਂਚ ਕਰਵਾਉਣ। ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਡੀ ਜੀ ਪੀ ਇਸ ਕੇਸ ਦੀ ਸਮਾਂਬੱਧ ਜਾਂਚ ਕਰਵਾਉਣ ਅਤੇ ਰਿਪੋਰਟ ਮਿਲਣ 'ਤੇ ਇਸ ਦਾ ਅਧਿਐਨ ਕਰਨ ਪਿੱਛੋਂ ਜ਼ਰੂਰੀ ਕਾਰਵਾਈ ਵੀ ਕਰਨ।

ਇਸ ਕੇਸ ਦੀ ਸੁਣਵਾਈ ਅੱਠ ਜੁਲਾਈ ਤੱਕ ਮੁਲਤਵੀ ਕਰਦੇ ਹੋਏ ਹਾਈ ਕੋਰਟ ਨੇ ਡੀ ਜੀ ਪੀ ਨੂੰ ਜਾਂਚ ਰਿਪੋਰਟ ਅਤੇ ਉਸ 'ਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਅਦਾਲਤ ਵਿੱਚ ਪੇਸ਼ ਕਰਨ ਨੂੰ ਕਿਹਾ ਹੈ।

## ਅਮਰੀਕਾ ਵੱਲੋਂ ਸੌਂਪੇ ਦਹਿਸ਼ਤਗਰਦ ਦੇ ਖਿਲਾਫ ਭਾਰਤ ਵਿੱਚ ਇੱਕ ਵੀ ਕੇਸ ਨਹੀਂ ਨਿਕਲਦਾ

ਅੰਮ੍ਰਿਤਸਰ, 24 ਮਈ (ਪੋਸਟ ਬਿਊਰੋ)- ਇਸ ਹਫਤੇ ਅਮਰੀਕਾ ਵੱਲੋਂ ਭਾਰਤ ਨੂੰ ਸੌਂਪਿਆ ਗਿਆ ਅਲ ਕਾਇਦਾ ਦਾ ਦਹਿਸ਼ਤਗਰਦ ਮੁਹੰਮਦ ਇਬਰਾਹੀਮ ਜੁਬੈਰ, ਜਿਸ ਨੂੰ ਇਸ ਸਮੇਂ ਸਥਾਨਕ ਸਵਾਮੀ ਵਿਵੇਕਾਨੰਦ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਕੁਆਰੰਟਾਈਨ ਕੀਤਾ ਗਿਆ ਹੈ, ਬਾਰੇ ਸੂਤਰਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਉਸ ਵਿਰੁੱਧ ਇੱਕ ਵੀ ਕੇਸ ਨਹੀਂ ਹੈ। ਇਸ ਲਈ ਉਸ ਨੂੰ ਇਕਾਂਤਵਾਸ 'ਚ ਤੋਂ ਬਾਅਦ ਰਿਹਾਅ ਕੀਤਾ ਜਾ ਸਕਦਾ ਹੈ।



ਮਿਲੀ ਜਾਣਕਾਰੀ ਮੁਤਾਬਕ ਯਾਹੀਆ ਫਾਰੂਕ ਮੁਹੰਮਦ ਤੇ ਮੁਹੰਮਦ ਇਬਰਾਹੀਮ ਜੁਬੈਰ ਦੋਵੇਂ ਭਰਾ ਹੈਦਰਾਬਾਦ ਦੇ ਅਲਵਾਲ ਇਲਾਕੇ ਦੇ ਵਾਸੀ ਹਨ। ਇਹ ਦੋਵੇਂ ਅਮਰੀਕਾ ਪੜ੍ਹਨ ਗਏ ਸਨ, ਜਿੱਥੇ ਦੋਵਾਂ ਨੂੰ ਅਮਰੀਕੀ ਨਾਗਰਿਕਤਾ ਮਿਲ ਗਈ। ਓਥੇ ਰਹਿੰਦਿਆਂ ਇਹ ਦੋਵੇਂ ਅੱਤਵਾਦੀ ਸੰਗਠਨ ਅਲ ਕਾਇਦਾ ਵਿੱਚ ਸ਼ਾਮਲ ਹੋ ਗਏ। ਅਲ ਕਾਇਦਾ ਦੁਨੀਆ ਭਰ ਵਿੱਚ 400 ਦੇ ਲਗਭਗ ਹਮਲੇ ਕਰਵਾ ਚੁੱਕਾ ਦੱਸਿਆ ਜਾਂਦਾ ਹੈ। ਇਨ੍ਹਾਂ ਦੋਵਾਂ ਭਰਾਵਾਂ 'ਤੇ ਅੱਤਵਾਦੀ ਫੰਡਿੰਗ ਤੋਂ ਇਲਾਵਾ ਦਹਿਸ਼ਤਗਰਦਾਂ ਨਾਲ ਜੁੜੇ ਕਈ ਕੇਸ ਦਰਜ ਕੀਤੇ ਗਏ। ਯਾਹੀਆ ਫਾਰੂਕ ਮੁਹੰਮਦ ਨੂੰ ਅਮਰੀਕਾ ਵਿੱਚ 27 ਸਾਲ ਸਜ਼ਾ ਹੋਈ ਅਤੇ ਇਬਰਾਹੀਮ ਮੁਹੰਮਦ ਜੁਬੈਰ ਨੂੰ ਪੰਜ ਸਾਲ ਸਜ਼ਾ ਦਿੱਤੀ ਗਈ। ਜੁਬੈਰ ਨੂੰ ਉਸ ਦੀ ਪੰਜ ਸਾਲ ਸਜ਼ਾ ਪੂਰੀ ਹੋਣ ਤੋਂ ਬਾਅਦ ਭਾਰਤ ਭੇਜਿਆ ਗਿਆ ਹੈ, ਪਰ ਉਸ ਦਾ ਭਰਾ ਯਾਹੀਆ ਫਾਰੂਕ ਮੁਹੰਮਦ ਅਜੇ ਵੀ ਅਮਰੀਕੀ ਜੇਲ੍ਹ 'ਚ ਹੈ।

## ਚੀਨ ਤੋਂ ਇਨਫਰਾ ਰੈੱਡ ਥਰਮਾਮੀਟਰ ਦੀ ਤਸਕਰੀ ਤੋਂ ਚੌਕਸੀ ਦੇ ਹੁਕਮ

ਨਵੀਂ ਦਿੱਲੀ, 24 ਮਈ (ਪੋਸਟ ਬਿਊਰੋ)- ਰੈਵੇਨਿਊ ਇੰਟੈਲੀਜੈਂਸ ਏਜੰਸੀ (ਡੀ ਆਰ ਆਈ) ਨੇ ਚੀਨ ਤੋਂ ਇਨਫਰਾ ਰੈਡ ਥਰਮਾਮੀਟਰ ਦੀ ਤਸਕਰੀ ਰੋਕਣ ਲਈ ਦੇਸ਼ ਵਿੱਚ ਕਸਟਮ ਡਿਊਟੀ ਦੀਆਂ ਵੱਖ-ਵੱਖ ਯੂਨਿਟਾਂ ਨੂੰ ਅਲਰਟ ਜਾਰੀ ਕੀਤਾ ਹੈ। ਇਸ ਦਾ ਮਹੱਤਵ ਇਸ ਲਈ ਵੀ ਹੈ ਕਿ ਕੋਰੋਨਾ ਮਹਾਮਾਰੀ ਦੇ ਕਾਰਨ ਦੇਸ਼ ਵਿੱਚ ਇਸ ਤਰ੍ਹਾਂ ਦੇ ਥਰਮਾਮੀਟਰ ਦੀ ਮੰਗ ਬਹੁਤ ਵਧ ਗਈ ਹੈ ਅਤੇ ਇਸ ਦੀ ਤਸਕਰੀ ਹੋਣ ਲੱਗ ਪਈ ਹੈ।



ਇੱਕ ਅਧਿਕਾਰੀ ਨੇ ਦੱਸਿਆ ਕਿ ਡੀ ਆਰ ਆਈ ਨੇ ਵਿਦੇਸ਼ ਤੋਂ ਲੈਣ-ਦੇਣ ਦੇ ਕੰਮ ਵਿੱਚ ਲੱਗੇ ਦਿੱਲੀ ਵਿੱਚ ਅੰਤਰਦੇਸ਼ੀ ਕੰਟੇਨਰ ਡਿਪੂ ਅਤੇ ਕਾਰਗੋ ਏਅਰਪੋਰਟ ਅਤੇ ਦੇਸ਼ ਵਿੱਚ ਹੋਰਨਾਂ ਥਾਵਾਂ ਲਈ ਅਲਰਟ ਜਾਰੀ ਕਰ ਕੇ ਇਸ ਦੀ ਤਸਕਰੀ 'ਤੇ ਨਜ਼ਰ ਰੱਖਣ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਮਿਲੀਆਂ ਸੂਚਨਾਵਾਂ ਤੋਂ ਲੱਗਦਾ ਹੈ ਕਿ ਤਸਕਰ ਨਾਜਾਇਜ਼ ਤਰੀਕੇ ਨਾਲ ਇਸ ਨੂੰ ਲਿਆਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਭਾਰਤ ਵਿੱਚ ਇਸ ਤਰ੍ਹਾਂ ਦੇ ਉਤਪਾਦ ਨੂੰ ਲਿਆਉਣ ਦੇ ਲਈ ਹੋ ਸਕਦਾ ਹੈ ਕਿ ਬਿਲ 'ਤੇ ਇਸ ਦੀ ਕੀਮਤ ਘੱਟ ਦਿਖਾਈ ਜਾਏ। ਕਸਟਮ ਡਿਊਟੀ ਤੋਂ ਬਚਣ ਦੇ ਲਈ ਦੇਸ਼ ਵਿੱਚ ਲਿਆਂਦੇ ਜਾਣ ਵਾਲੇ ਮਾਲ ਦੀ ਕੀਮਤ ਘੱਟ ਦੱਸੀ ਜਾ ਸਕਦੀ ਹੈ, ਇਸ ਨਾਲ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋਵੇਗਾ। ਇਸ ਲਈ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਨਾਮੀ ਕੰਪਨੀ ਦੇ ਇਨਫਰਾ ਰੈੱਡ ਜਾਂ ਥਰਮਲ ਥਰਮਾਮੀਟਰ ਦੀ ਕੀਮਤ 3500 ਰੁਪਏ ਤੋਂ 8000 ਰੁਪਏ ਤੱਕ ਹੋ ਸਕਦੀ ਹੈ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਭਾਰਤ ਵਿੱਚ ਸਾਮਾਨ ਭੇਜਣ ਲਈ ਤਸਕਰਾਂ ਵੱਲੋਂ ਦੁਬਈ ਬੰਦਰਗਾਹ ਦੇ ਮੁਕਤ ਵਪਾਰ ਖੇਤਰ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ।

# ਪੰਜਾਬ ਦੇ ਉਦਯੋਗਾਂ ਲਈ ਨਵੀਂ ਯੋਜਨਾ ਵਿੱਚ ਛੇ ਮਹੀਨੇ ਦਾ ਬੈਂਕ ਵਿਆਜ਼ ਮਾਫ਼

ਚੰਡੀਗੜ੍ਹ, 24 ਮਈ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਲਾਏ ਗਏ ਲੌਕਡਾਊਨ ਤੋਂ ਬਾਅਦ ਪੰਜਾਬ ਦੇ ਉਦਯੋਗ ਦੁਬਾਰਾ ਚਲਾਉਣ ਲਈ ਰਾਜ ਸਰਕਾਰ ਨੇ ਤਿੰਨ-ਪੜਾਵੀ ਯੋਜਨਾ ਬਣਾਈ ਹੈ। ਇਸ ਵਿੱਚ ਉਦਯੋਗਾਂ ਨੂੰ ਕਾਫੀ ਛੋਟਾਂ ਦਿੱਤੀਆਂ ਜਾਣ ਲੱਗੀਆਂ ਹਨ, ਜਿਸ ਬਾਰੇ ਵਿਭਾਗ ਦੇ ਅਧਿਕਾਰੀ ਕੇਂਦਰ ਸਰਕਾਰ ਨਾਲ ਸਿੱਧੀ ਗੱਲਬਾਤ ਕਰ ਰਹੇ ਹਨ। ਇਸ ਯੋਜਨਾ ਹੇਠ ਵੱਡੇ ਉਦਯੋਗਾਂ ਨਾਲ ਐਮ ਐਸ ਐਮ ਈ ਉਦਯੋਗਾਂ ਦੇ ਬੈਂਕ ਕਰਜ਼ਿਆਂ ਉੱਤੇ 6 ਮਹੀਨੇ ਦਾ ਵਿਆਜ ਮੁਆਫ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।



ਉਦਯੋਗ ਮੰਤਰੀ ਸੁੰਦਰ ਸ਼ਿਆਮ ਅਰੋੜਾ ਨੇ ਕੇਂਦਰੀ ਮੰਤਰੀ ਪੀਯੂਸ਼ ਗੋਇਲ ਅਤੇ ਸਮ੍ਰਿਤੀ ਈਰਾਨੀ ਸਮੇਤ ਕਈ ਕੇਂਦਰੀ ਮੰਤਰੀਆਂ ਨਾਲ ਗੱਲਬਾਤ ਕੀਤੀ ਤੇ ਉਦਯੋਗਾਂ ਲਈ ਵੱਖਰੇ ਪੈਕੇਜ ਦੀ ਮੰਗ ਕੀਤੀ ਹੈ। ਲੌਕਡਾਊਨ ਅਤੇ ਕਰਫਿਊ ਦੌਰਾਨ ਪੰਜਾਬ ਦੇ ਉਦਯੋਗਪਤੀਆਂ ਨੇ ਮੰਤਰੀ ਸੁੰਦਰ ਸ਼ਾਮ ਅਰੋੜਾ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਉਦਯੋਗਾਂ ਦੇ ਬੰਦ ਹੋਣ ਨਾਲ ਹੋਏ ਨੁਕਸਾਨ ਬਾਰੇ ਦੱਸਿਆ ਸੀ। ਕੰਮ ਬੰਦ ਹੋਣ ਕਾਰਨ ਮਾਲ ਦੀ ਸਪਲਾਈ ਚੇਨ ਰੁੱਕ ਗਈ ਸੀ, ਇਸ ਕਾਰਨ ਉਦਯੋਗਪਤੀਆਂ ਲਈ ਬੈਂਕ ਕਰਜ਼ੇ ਦੀਆਂ ਕਿਸ਼ਤਾਂ ਮੋੜਨਾ ਔਖਾ ਹੋ ਗਿਆ ਸੀ। ਇਨ੍ਹਾਂ ਉਦਯੋਗਾਂ ਨੂੰ ਟੈਕਸ ਵਿੱਚ ਕਿੰਨੀ ਛੋਟ ਦਿੱਤੀ ਜਾ ਸਕਦੀ ਹੈ, ਇਸ ਬਾਰੇ ਰਾਜ ਸਰਕਾਰ ਅੱਗੋਂ ਕੇਂਦਰ ਸਰਕਾਰ ਦੇ ਸੰਪਰਕ ਵਿੱਚ ਹੈ। ਵਿਭਾਗ ਦੇ ਅਧਿਕਾਰੀ ਇਸ ਤਿੰਨ-ਪੜਾਵੀ ਯੋਜਨਾ ਬਾਰੇ ਰਿਪੋਰਟ ਬਣਾ ਰਹੇ ਹਨ, ਜਿਸ ਵਿੱਚ ਕੇਂਦਰ ਨੂੰ ਦੱਸਿਆ ਜਾਵੇਗਾ ਕਿ ਲੌਕਡਾਊਨ ਨਾਲ ਕਿਹੜੇ ਉਦਯੋਗਾਂ ਨੂੰ ਕਿੰਨਾ ਨੁਕਸਾਨ ਹੋਇਆ ਹੈ ਤੇ ਛੋਟੇ ਉਦਯੋਗਾਂ ਲਈ ਵਿਸ਼ੇਸ਼ ਪੈਕੇਜ ਜਾਂ ਛੋਟ ਦਾ ਫੈਸਲਾ ਹੋਵੇਗਾ।

## ਚਚੇਰੇ ਭਰਾ ਵੱਲੋਂ ਸਾਥੀ ਨਾਲ ਮਿਲ ਕੇ ਦੋ ਭੈਣਾਂ ਦਾ ਕਤਲ

* ਕਤਲ ਪਿੱਛੋਂ ਭੱਜਦੇ ਕਾਤਲ ਦੀ ਸੜਕ ਹਾਦਸੇ 'ਚ ਮੌਤ

ਸਰਹਾਲੀ ਕਲਾਂ, 24 ਮਈ (ਪੋਸਟ ਬਿਊਰੋ)- ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਕੋਟਦਾਤਾ ਵਿਖੇ ਚਚੇਰੇ ਭਰਾ ਨੇ ਆਪਣੇ ਸਾਥੀ ਨਾਲ ਮਿਲ ਕੇ ਦੋ ਭੈਣਾਂ ਦਾ ਕਤਲ ਕਰ ਦਿੱਤਾ, ਪਰ ਬਾਅਦ ਵਿੱਚ ਭੱਜਦੇ ਹੋਏ ਕਾਤਲ ਦਾ ਮੋਟਰਸਾਈਕਲ ਇੱਕ ਟਰਾਲੀ ਨਾਲ ਟਕਰਾ ਜਾਣ ਕਾਰਨ ਉਸ ਦੀ ਵੀ ਮੌਕੇ 'ਤੇ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਜੌਣੋਕੇ ਦੇ ਗੁਰਜੋਬਨ ਸਿੰਘ ਪੁੱਤਰ ਹਰਜਿੰਦਰ ਸਿੰਘ ਨੇ ਆਪਣੇ ਸਾਥੀ ਨਿਰਮਲ ਸਿੰਘ ਨਿੰਮਾ ਪਿੰਡ ਬੁਰਜ ਦੇਵਾ ਸਿੰਘ ਨਾਲ ਮਿਲ ਕੇ ਆਪਣੀਆਂ ਚਚੇਰੀਆਂ ਭੈਣਾਂ ਦੇ ਕਤਲ ਦੀ ਯੋਜਨਾ ਬਣਾਈ ਸੀ। ਪੁਲਸ ਅਨੁਸਾਰ ਗੁਰਜੋਬਨ ਸਿੰਘ ਇਨ੍ਹਾਂ ਲੜਕੀਆਂ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ। ਇਸ ਯੋਜਨਾ ਅਨੁਸਾਰ ਕਾਤਲਾਂ ਨੇ ਪੱਟੀ ਤੋਂ ਮੋਟਰਸਾਈਕਲ 'ਤੇ ਮੁੜਦੀਆਂ ਰਮਨਦੀਪ ਕੌਰ ਪੁੱਤਰੀ ਸੁਖਦੇਵ ਸਿੰਘ, ਅਮਨਦੀਪ ਕੌਰ ਪੁੱਤਰੀ ਕਸ਼ਮੀਰ ਸਿੰਘ ਤੇ ਸਿਮਰਜੀਤ ਕੌਰ ਉੱਤੇ ਪਿੰਡੋਂ ਬਾਹਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਨਾਲ ਰਮਨਦੀਪ ਕੌਰ (15) ਦੀ ਮੌਕੇ 'ਤੇ ਮੌਤ ਹੋ ਗਈ ਅਤੇ ਅਮਨਦੀਪ ਕੌਰ, ਜੋ ਸ਼ਾਦੀਸ਼ੁਦਾ ਸੀ, ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਤੀਸਰੀ ਲੜਕੀ ਸਿਮਰਜੀਤ ਕੌਰ ਮੌਕੇ ਤੋਂ ਭੱਜਣ 'ਚ ਸਫਲ ਹੋ ਗਈ।ਇਹ ਵਾਰਦਾਤ ਕਰਕੇ ਫਰਾਰ ਹੋਇਆ ਗੁਰਜੋਬਨ ਆਪਣੇ ਸਾਥੀ ਨਿਰਮਲ ਸਿੰਘ ਨਿੰਮੇ ਨਾਲ ਮੋਟਰਸਾਈਕਲ 'ਤੇ ਘਟਨਾ ਸਥਾਨ ਤੋਂ ਕਰੀਬ ਇੱਕ ਕਿਲੋਮੀਟਰ ਦੂਰ ਜਾ ਕੇ ਟਰੈਕਟਰ ਟਰਾਲੀ ਵਿੱਚ ਵੱਜਾ ਅਤੇ ਉਸ ਦੀ ਵੀ ਮੌਤ ਹੋ ਗਈ। ਥਾਣਾ ਸਰਹਾਲੀ ਨੇ ਜੋਬਨ ਦੇ ਦੂਸਰੇ ਸਾਥੀ ਨਿਰਮਲ ਸਿੰਘ ਫੜ ਲਿਆ ਹੈ। ਪੁਲਸ ਨੂੰ ਮ੍ਰਿਤਕ ਲੜਕੀਆਂ ਦੀਆਂ ਲਾਸ਼ਾਂ ਕਬਜ਼ੇ 'ਚ ਲੈਣ ਲਈ ਪੁਲਸ ਨੂੰ ਭਾਰੀ ਕੋਸ਼ਿਸ਼ ਕਰਨੀ ਪਈ। ਇਸ ਮੌਕੇ ਭੀੜ ਵਿੱਚੋਂ ਕੁਝ ਲੋਕਾਂ ਨੇ ਥਾਣਾ ਹਰੀਕੇ ਪੁਲਸ ਦੀ ਗੱਡੀ 'ਤੇ ਪੱਥਰ ਮਾਰੇ ਤੇ ਪੁਲਸ ਵਾਲਿਆਂ ਨਾਲ ਧੱਕਾਮੁੱਕੀ ਵੀ ਹੋਈ। ਇਸੇ ਦੌਰਾਨ ਨਿਰਮਲ ਸਿੰਘ ਦੇ ਦੋ ਭਰਾ ਵੀ ਮੌਕੇ 'ਤੇ ਪਹੁੰਚ ਗਏ, ਜਿਨ੍ਹਾਂ ਦੀ ਪਿੰਡ ਵਾਲਿਆਂ ਨੇ ਚੋਖੀ ਮਾਰਕੁੱਟ ਕੀਤੀ ਅਤੇ ਪੁਲਸ ਨੇ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਲੋਕਾਂ ਤੋਂ ਛੁਡਇਆ।

## ਸੜਕ ਕਿਨਾਰੇ ਸੁੱਤੇ ਪਏ ਤਿੰਨ ਜਣਿਆਂ ਨੂੰ ਡੰਪਰ ਨੇ ਕੁਚਲਿਆ




ਮਿਰਜ਼ਾਪੁਰ, 24 ਮਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਵਿੱਚ ਕੱਲ੍ਹ ਤੜਕੇ ਸੜਕ ਕਿਨਾਰੇ ਸੌਂ ਰਹੇ ਤਿੰਨ ਜਣਿਆਂ ਨੂੰ ਡੰਪਰ ਵੱਲੋਂ ਕੁਚਲੇ ਜਾਣ ਕਾਰਨ ਮੌਤ ਹੋ ਗਈ। ਇੱਕ ਜਣਾ ਜ਼ਖਮੀ ਹੋ ਗਿਆ। ਮੁੰਬਈ ਦੇ ਜਯਾ ਇਨਫਰਾਟੈੱਕ ਅਤੇ ਐਲ ਐਂਡ ਟੀ ਕੰਪਨੀ ਕਰਮਚਾਰੀ ਕਾਰ ਰਾਹੀਂ ਬਿਹਾਰ ਦੇ ਗੋਪਾਲਗੰਜ ਅਤੇ ਵੈਸ਼ਾਲੀ ਜਾ ਰਹੇ ਸਨ। ਉਸ ਵਿੱਚ ਚਾਲਕ ਸਮੇਤ ਅੱਠ ਵਿਅਕਤੀ ਸਨ। ਹਾਦਸੇ ਵਿੱਚ ਬਿਹਾਰ ਦੇ ਗੋਪਾਲਗੰਜ ਫੈਜ਼ੁੱਲਾਪੁਰ ਖੋਮਾਰੀ ਪਿੰਡ ਦੇ ਰਾਜੂ ਸਿੰਘ (26), ਸੌਰਭ ਕੁਮਾਰ (23) ਅਤੇ ਖੋਮਾਰੀ ਬੈਂਕੁਠਪੁਰ ਦੇ ਅਮਿਤ ਸਿੰਘ (26) ਦੀ ਮੌਤ ਹੋ ਗਈ। ਐੱਸ ਪੀ ਡਾਕਟਰ ਧਰਮਵੀਰ ਸਿੰਘ ਨੇ ਦੱਸਿਆ ਕਿ ਚਾਲਕ ਨੂੰ ਗ੍ਰਿਫਤਾਰ ਕਰ ਕੇ ਕੇਸ ਦਰਜ ਕਰ ਲਿਆ ਹੈ।

ਇਸ ਦੌਰਾਨ ਲਾਕਡਾਊਨ ਕਾਰਨ ਗੁਜਰਾਤ ਦੇ ਸੂਰਤ ਤੋਂ ਆਪਣੇ ਘਰ ਮੁੜ ਰਹੇ ਬਿਜਨੌਰ ਜ਼ਿਲੇ ਦੇ 22 ਪਰਵਾਸੀ ਮਜ਼ਦੂਰਾਂ ਦੀ ਗੱਡੀ ਕੱਲ੍ਹ ਬੁਲੰਦਸ਼ਹਿਰ ਦੇ ਅਹਿਮਦਗੜ੍ਹ ਥਾਣਾ ਖੇਤਰ ਦੇ ਪਿੰਡ ਖਖੂੜਾ ਨੇੜੇ ਬੇਕਾਬੂ ਹੋ ਕੇ ਪਲਟ ਗਈ। ਇਸ ਹਾਦਸੇ ਵਿੱਚ ਦੋ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 20 ਜ਼ਖਮੀ ਹੋ ਗਏ।

## ਖਾਣਾ ਵੰਡਦੇ ਨੌਜਵਾਨ ਦਾ ਭੀਖ ਮੰਗਣ ਵਾਲੀ ਲੜਕੀ ਨਾਲ ਪਿਆਰ ਪਿਆ, ਦੋਵਾਂ ਵਿਆਹ ਕਰਵਾ ਲਿਆ

ਕਾਨਪੁਰ, 24 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਾਰਨ ਪੂਰੀ ਦੁਨੀਆ 'ਚ ਜਦੋਂ ਪੰਜ-ਛੇ ਮਹੀਨਿਆਂ ਤੋਂ ਹਾਲਾਤ ਖਰਾਬ ਹੋਏ ਪਏ ਹਨ, ਓਦੋਂ ਇਸ ਦੌਰਾਨ ਕਈ ਰਿਸ਼ਤੇ ਵੀ ਨਵੇਂ ਜੁੜ ਰਹੇ ਹਨ। ਇਸ ਦੀ ਮਿਸਾਲ ਕਾਨਪੁਰ ਦੇ ਅਨਿਲ ਅਤੇ ਨੀਲਮ ਹਨ। ਇਨ੍ਹਾਂ ਦੀ ਮੁਹੱਬਤ ਦੀ ਕਹਾਣੀ ਕਿਸੇ ਫਿਲਮੀ ਕਹਾਣੀ ਜਿੰਨੀ ਦਿਲਚਸਪ ਹੈ। ਕਾਨਪੁਰ ਦੀ ਕੁੜੀ ਨੀਲਮ ਨੂੰ ਉਸ ਦੇ ਭਰਾ-ਭਾਬੀ ਨੇ ਮਾਰ ਕੁੱਟ ਕਰ ਕੇ ਘਰੋਂ ਬਾਹਰ ਕੱਢ ਦਿੱਤਾ ਅਤੇ ਉਸ ਦੀ ਕੋਈ ਸਾਰ ਨਹੀਂ ਸੀ ਲਈ। ਫਿਰ ਉਹ ਭਿਖਾਰੀਆਂ ਨਾਲ ਰਹਿਣ ਲੱਗ ਪਈ। ਇਸ ਦੌਰਾਨ ਕੋਰੋਨਾ ਵਾਇਰਸ ਦਾ ਕਹਿਰ ਸ਼ੁਰੂ ਹੋ ਗਿਆ ਤਾਂ ਖਾਣਾ ਦੇਣ ਵਾਲੇ ਆਉਣ ਲੱਗ ਪਏ, ਜਿਨ੍ਹਾਂ ਵਿੱਚ ਲਾਲਤਾ ਪ੍ਰਸ਼ਾਦ ਨਾ ਦਾਂ ਲੜਕਾ ਵੀ ਸੀ। ਉਥੇ ਦੋਹਾਂ ਦੀ ਮੁਲਾਕਾਤ ਹੋਈ। ਇੱਕ ਦਿਨ ਲਾਲਤਾ ਪ੍ਰਸਾਦ ਨੇ ਆਪਣੇ ਡਰਾਈਵਰ ਨੂੰ ਕਿਹਾ ਕਿ ਉਹ ਰੋਜ਼ ਨੀਲਮ ਨੂੰ ਖਾਣਾ ਪਹੁੰਚਾ ਦਿਆ ਕਰੇ ਅਤੇ ਨਾਲ ਹੋਰ ਲੋੜਵੰਦਾਂ ਨੂੰ ਵੀ ਦੇਵੇ। ਇਸ ਦੌਰਾਨ ਦੋਵਾਂ ਨੂੰ ਪਿਆਰ ਹੋ ਗਿਆ। ਗੱਲ ਲੜਕੇ ਦੇ ਪਿਤਾ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੇ ਲੜਕੀ ਦੀ ਮਰਜ਼ੀ ਪੁੱਛੀ। ਲੜਕੀ ਮੰਨ ਗਈ ਤਾਂ ਦੋਹਾਂ ਦਾ ਵਿਆਹ ਕਰਵਾ ਦਿੱਤਾ ਗਿਆ।





# ਫਰਾਂਸ ਵਿੱਚ ਕਾਨੂੰਨੀ ਚੁਣੌਤੀ ਪਿੱਛੋਂ ਧਾਰਮਿਕ ਸਮਾਗਮਾਂ ਦੀ ਖੁੱਲ੍ਹ ਮਿਲੀ

*** ਜਰਮਨੀ ਵਿੱਚ ਚਰਚ ਪਰੇਅਰ ਪਿੱਛੋਂ ਕੋਰੋਨਾ ਦੇ ਨਵੇਂ ਕੇਸ ਨਿਕਲੇ**

ਪੈਰਿਸ, 24 ਮਈ, (ਪੋਸਟ ਬਿਊਰੋ)- ਫਰਾਂਸ ਵਿੱਚ ਧਾਰਮਿਕ ਰੀਤੀ-ਰਿਵਾਜ਼ਾਂ ਦੇ ਦੌਰਾਨ ਭੀੜ ਇਕੱਠੀ ਹੋਣ ਦੇ ਖਿਲਾਫ ਸਰਕਾਰ ਦੀਆਂ ਪਾਬੰਦੀਆਂ ਨੂੰ ਕਾਨੂੰਨੀ ਚੁਣੌਤੀ ਦਿੱਤੇ ਜਾਣ ਪਿੱਛੋਂ ਸਰਕਾਰ ਨੇ ਅੱਜ ਸ਼ਨੀਵਾਰ ਤੋਂ ਧਾਰਮਿਕ ਸਭਾਵਾਂ ਸ਼ੁਰੂ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਧਾਰਮਿਕ ਨੇਤਾਵਾਂ ਨੇ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ, ਪਰ ਨਲਾ ਹੀ ਕਿਹਾ ਹੈ ਕਿ ਇਸ ਦੌਰਾਨ ਜ਼ਰੂਰੀ ਸੁਰੱਖਿਆ ਨਿਯਮ ਲਾਗੂ ਕਰਨ ਵਿਚ ਕੁਝ ਸਮਾਂ ਲੱਗੇਗਾ। ਕੋਰੋਨਾ ਵਾਇਰਸ ਰੋਕਣ ਲਈ ਫਰਾਂਸ ਦੇ ਧਾਰਮਿਕ ਥਾਂਵਾਂ ਵਿਚ ਜਾਣ ਵਾਲੇ ਸ਼ਰਧਾਲੂਆਂ ਦਾ ਮਾਸਕ ਪਾਉਣਾ ਤੇ ਐਂਟਰੀ ਤੋਂ ਪਹਿਲਾਂ ਹੱਥ ਧੋਣਾ ਲਾਜ਼ਮੀ ਹੋਵੇਗਾ ਤੇ ਲੋਕਾਂ ਨੂੰ ਇਕ-ਦੂਜੇ ਤੋਂ ਘੱਟੋ-ਘੱਟ ਇੱਕ ਮੀਟਰ ਦੂਰੀ ਕਾਇਮ ਰੱਖਣੀ ਹੋਵੇਗੀ। ਵਰਨਣ ਯੋਗ ਹੈ ਕਿ ਫਰਾਂਸ ਸਰਕਾਰ ਨੇ ਧਾਰਮਿਕ ਸਮਾਗਮ ਕਰਨ ਤੇ ਇਨ੍ਹਾਂ ਪ੍ਰੋਗਰਾਮਾਂ ਲਈ ਇਕੱਠੇ ਹੋਣ ਉੱਤੇ 2 ਜੂਨ ਤੱਕ ਪਾਬੰਦੀ ਲਾ ਦਿੱਤੀ ਸੀ, ਪਰ ਦੁਕਾਨਾਂ ਅਤੇ ਹੋਰ ਕਾਰੋਬਾਰਾਂ ਨੂੰ ਪਿਛਲੇ ਹਫਤੇ ਖੋਲ੍ਹਣ ਦੀ ਆਗਿਆ ਦੇ ਦਿੱਤੀ ਸੀ। ਇਸ ਹੁਕਮ ਨੂੰ ਕਾਨੂੰਨੀ ਚੁਣੌਤੀ ਦਿੱਤੇ ਜਾਣ ਉੱਤੇ ਫਰਾਂਸ ਦੀ



ਸਭ ਤੋਂ ਵੱਡੀ ਸਟੇਟ ਕੌਂਸਲ ਨੇ ਇਹ ਪਾਬੰਦੀਆਂ ਹਟਾ ਦਿੱਤੀਆਂ ਹਨ ਅਤੇ ਇਸ ਦੇ ਬਾਅਦ ਸਰਕਾਰ ਨੇ ਧਾਰਮਿਕ ਸਭਾਵਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਪਿੱਛੋਂ ਫਰੈਂਚ ਬਿਸ਼ਪਸ ਕਾਨਫਰੰਸ ਨੇ ਕਿਹਾ ਹੈ ਕਿ ਉਹ ਚਰਚ ਦੇ ਨੇਤਾਵਾਂ ਨਾਲ ਮਿਲ ਕੇ ਇਨ੍ਹਾਂ ਨੂੰ ਖੋਲ੍ਹਣ ਦੀ ਤਿਆਰੀ ਕਰਨਗੇ।

ਦੂਸਰੇ ਪਾਸੇ ਜਰਮਨੀ ਦੇ ਸ਼ਹਿਰ ਫਰੈਂਕਫਰਟ ਦੀ ਚਰਚ ਵਿਚ ਪਰੇਅਰ ਹੋਣ ਤੋਂ ਬਾਅਦ ਇਕ ਧਾਰਮਿਕ ਗਰੁੱਪ ਦੇ ਕਈ ਮੈਂਬਰ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਹੋਏ ਹਨ। ਇਲਾਕੇ ਦੇ ਇਕ ਨੇਤਾ ਨੇ ਮੀਡੀਆ ਨੂੰ ਦੱਸਿਆ ਕਿ ਇਸ ਸਭਾ ਵਿਚ ਆਏ ਧਾਰਮਿਕ ਗਰੁੱਪ ਇਵੇਂਜਲੀਕਲ ਮਸੀਹੀ ਬਪਤਿਸਮਾ ਦੇ ਡਿਪਟੀ ਚੀਫ ਵਲਾਦੀਮੀਰ ਪ੍ਰਿਟਜਕਾਓ ਨੇ ਕਿਹਾ ਕਿ ਇਹ ਪਰੇਅਰ 10 ਮਈ ਨੂੰ ਹੋਈ ਸੀ। ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਲੋਕ ਪ੍ਰਭਾਵਿਤ ਹੋਏ, ਪਰ ਇਹ ਕਿਹਾ ਕਿ ਬਹੁਤੇ ਲੋਕ ਘਰਾਂ ਵਿੱਚ ਹਨ ਅਤੇ 6 ਜਣੇ ਹਸਪਤਾਲ ਵਿਚ ਦਾਖਲ ਹਨ। ਇਸ ਇਲਾਕੇ ਵਿਚ 1 ਮਈ ਤੋਂ ਧਾਰਮਿਕ ਸਭਾਵਾਂ ਦੀ ਖੁੱਲ੍ਹ ਮਿਲੀ, ਪਰ ਨਾਲ ਸ਼ਰਤ ਨਾਲ ਸੀ ਕਿ ਸ਼ਰਧਾਲੂਆਂ ਵਿਚਾਲੇ ਡੇਢ ਮੀਟਰ ਦੂਰੀ ਹੋਵੇਗੀ ਅਤੇ ਸੈਨੀਟਾਈਜ਼ਰ ਛਿੜਕੀ ਜਾਵੇਗੀ। ਪ੍ਰਿਟਜਕਾਓ ਨੇ ਕਿਹਾ ਕਿ ਨਿਯਮਾਂ ਦਾ ਪਾਲਣ ਕੀਤਾ ਸੀ, ਸਭ ਸਭਾਵਾਂ ਰੱਦ ਕਰ ਦਿੱਤੀਆਂ ਸਨ ਤੇ ਅੱਗੇ ਤੋਂ ਆਨਲਾਈਨ ਸਭਾਵਾਂ ਕਰਨਗੇ। ਸ਼ਹਿਰ ਦੇ ਸਿਹਤ ਵਿਭਾਗ ਦੇ ਮੁਖੀ ਨੇ ਗੁਪਤ ਰੱਖਣ ਦੀ ਰਿਵ-ਾਇਤ ਕਾਰਨ ਕਿਸੇ ਕੇਸ ਦੀ ਪੁਸ਼ਟੀ ਜਾਂ ਉਸ ਤੋਂ ਇਨਕਾਰ ਨਹੀਂ ਕੀਤਾ। ਜਰਮਨੀ ਵਿੱਚ ਕੋਰੋਨਾ ਉੱਤੇ ਕਾਬੂ ਪਾਉਣ ਲਈ ਕਈ ਰੋਕਾਂ ਲਾਗੂ ਸਨ, ਪਰ ਹੌਲੀ-ਹੌਲੀ ਇਨ੍ਹਾਂ ਵਿਚ ਢਿੱਲ ਦਿੱਤੀ ਗਈ ਹੈ।

# ਟਰੰਪ ਦੀ ਧੀ ਇਵਾਂਕਾ ਵੱਲੋਂ ਬਿਹਾਰੀ ਮਜ਼ਦੂਰ ਦੀ ਧੀ ਦੀ ਸ਼ਲਾਘਾ

*** ਬਾਰਾਂ ਸੌ ਕਿਲੋਮੀਟਰ ਸਾਈਕਲ ਚਲਾ ਕੇ ਪਿਤਾ ਨਾਲ ਘਰ ਪੁੱਜੀ ਹੈ ਜਯੋਤੀ**

ਵਾਸ਼ਿੰਗਟਨ, 24 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਲਾਕਡਾਊਨ ਲੱਗਾ ਪਿਆ ਹੋਣ ਕਰ ਕੇ ਆਪਣੇ ਬਿਮਾਰ ਪਿਤਾ ਨੂੰ ਸਾਈਕਲ ਉੱਤੇ ਬਿਠਾ ਕੇ ਦਿੱਲੀ ਹਵਾਈ ਅੱਡੇ ਨਾਲ ਜੁੜਦੇ ਹਰਿਆਣਾ ਦੇ ਸ਼ਹਿਰ ਗੁਰੂਗ੍ਰਾਮ ਤੋਂ ਬਿਹਾਰ ਦੇ ਦਰਭੰਗਾ ਜ਼ਿਲੇ ਤੱਕ ਜਾਣ ਵਾਲੀ ਜਯੋਤੀ ਕੁਮਾਰੀ ਇਸ ਵੇਲੇ ਸੰਸਾਰ ਭਰ ਵਿੱਚ ਚਰਚਾ ਵਿੱਚ ਹੈ। ਬਿਹਾਰ ਦੀ ਇਸ ਕੁੜੀ ਦੀ ਚਰਚਾ ਸੱਤ ਸਮੁੰਦਰ ਪਾਰ ਅਮਰੀਕਾ ਤੱਕ ਵੀ ਹੋਣ ਲੱਗੀ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧੀ ਇਵਾਂਕਾ ਟਰੰਪ ਨੇ ਅੱਜ ਜਯੋਤੀ ਕੁਮਾਰੀ ਬਾਰੇ ਟਵੀਟ ਕੀਤਾ ਤੇ ਉਸ ਦੀ ਖਬਰ ਨੂੰ ਸ਼ੇਅਰ ਕਰ ਕੇ ਭਾਰਤੀ ਲੋਕਾਂ ਦੀ ਸਹਿਣਸ਼ੀਲਤਾ ਦੀ ਸ਼ਲਾਘਾ ਕੀਤੀ ਹੈ। ਇਵਾਂਕਾ ਟਰੰਪ ਨੇ ਟਵੀਟ ਕਰ ਕੇ ਕਿਹਾ ਕਿ 15 ਸਾਲਾ ਜਯੋਤੀ ਕੁਮਾਰੀ ਆਪਣੇ ਜ਼ਖਮੀ ਹੋਏ ਪਿਤਾ ਨੂੰ ਸਾਈਕਲ ਉੱਤੇ ਬਿਠਾ ਕੇ ਸੱਤ ਦਿਨਾਂ ਵਿੱਚ 1,200 ਕਿਲੋਮੀਟਰ ਪੈਂਡਾ ਤੈਅ ਕਰਕੇ ਆਪਣੇ ਪਿੰਡ ਤੱਕ ਲੈ ਕੇ ਗਈ ਹੈ। ਇਵਾਂਕਾ ਨੇ ਲਿਖਿਆ ਹੈ ਕਿ ਸਹਿਣ ਸ਼ਕਤੀ ਅਤੇ ਪਿਆਰ ਦੀ ਇਸ ਬਹਾਦਰ ਕਹਾਣੀ ਨੇ ਭਾਰਤੀ ਲੋਕਾਂ ਅਤੇ ਭਾਰਤ ਦੀ ਸਾਇਕਲਿੰਗ ਫੈਡਰੇਸ਼ਨ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸਿਰਫ ਇਵਾਂਕਾ ਟਰੰਪ ਹੀ ਨਹੀਂ, ਦੁਨੀਆ ਭਰ ਵਿੱਚ ਜਯੋਤੀ ਦੀ ਚਰਚਾ ਹੋ ਰਹੀ ਹੈ।

ਵਰਨਣ ਯੋਗ ਹੈ ਕਿ ਜਯੋਤੀ ਦੇ ਪਿਤਾ ਗੁਰੂਗ੍ਰਾਮ ਵਿੱਚ ਰਿਕਸ਼ਾ ਚਲਾਉਂਦੇ ਸਨ



ਅਤੇ ਉਨ੍ਹਾਂ ਨਾਲ ਹਾਦਸਾ ਹੋਣ ਕਰ ਕੇ ਜਯੋਤੀ ਆਪਣੀ ਮਾਂ ਅਤੇ ਜੀਜਾ ਨਾਲ ਗੁਰੂਗ੍ਰਾਮ ਆਈ ਤੇ ਪਿਤਾ ਦੀ ਦੇਖਭਾਲ ਲਈ ਉਥੇ ਰੁਕ ਗਈ ਸੀ। ਇਸ ਦੌਰਾਨ ਕੋਵਿਡ-19 ਦੇ ਕਾਰਨ ਸਾਰੇ ਭਾਰਤ ਵਿੱਚ ਲਾਕਡਾਊਨ ਦਾ ਐਲਾਨ ਹੋ ਗਿਆ ਅਤੇ ਜਯੋਤੀ ਦੇ ਪਿਤਾ ਦਾ ਰਿਕਸ਼ੇ ਦਾ ਧੰਦਾ ਵੀ ਰੁਕ ਗਿਆ। ਔਖੇ ਹਾਲਾਤ ਵਿੱਚ ਏਥੇ ਅਟਕੇ ਰਹਿਣ ਦੀ ਥਾਂ ਜਯੋਤੀ ਨੇ ਪਿਤਾ ਨਾਲ ਸਾਈਕਲ ਉੱਤੇ ਵਾਪਸ ਬਿਹਾਰ ਵਿੱਚ ਆਪਣੇ ਪਿੰਡ ਤੱਕ ਜਾਣ ਦਾ ਫੈਸਲਾ ਲੈ ਲਿਆ ਤੇ ਆਪਣੇ ਜ਼ਖਮੀ ਹੋਏ ਪਿਤਾ ਨੂੰ ਸਾਈਕਲ ਪਿੱਛੇ ਬਿਠਾ ਕੇ 1200 ਕਿਲੋਮੀਟਰ ਦੂਰ ਬਿਹਾਰ ਦੇ ਦਰਭੰਗਾ ਜ਼ਿਲੇ ਤੱਕ ਜਾ ਪਹੁੰਚੀ ਹੈ।

ਇਸ ਬਾਰੇ ਖਬਰਾਂ ਪੜ੍ਹਨ ਪਿੱਛੋਂ ਜਯੋਤੀ ਨੂੰ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ (ਸੀ ਐੱਫ ਆਈ) ਨੇ ਇਹ ਫੈਸਲਾ ਲਿਆ ਹੈ ਕਿ ਜਯੋਤੀ ਨੂੰ ਟ੍ਰਾਇਲ ਦਾ ਮੌਕਾ ਦਿੱਤਾ ਜਾਵੇਗਾ। ਸੀ ਐੱਫ ਆਈ 15 ਸਾਲਾ ਜਯੋਤੀ ਨੂੰ ਅਗਲੇ ਮਹੀਨੇ ਟ੍ਰਾਇਲ ਲਈ ਆਪਣੇ ਕੋਲ ਬੁਲਾਏਗੀ। ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਓਂਕਾਰ ਸਿੰਘ ਨੇ ਦੱਸਿਆ ਕਿ ਜੇ ਜਯੋਤੀ ਟ੍ਰਾਇਲ ਪਾਸ ਕਰ ਗਈ ਤਾਂ ਉਸ ਨੂੰ ਦਿੱਲੀ ਵਿੱਚ ਇੰਦਰਾ ਗਾਂਧੀ ਸਟੇਡੀਅਮ ਕੰਪਲੈਕਸ ਵਿੱਚ ਆਧੁਨਿਕ ਨੈਸ਼ਨਲ ਸਾਈਕਲਿੰਗ ਅਕਾਦਮੀ ਵਿੱਚ ਟਰੇਨੀ ਵਜੋਂ ਚੁਣ ਲਿਆ ਜਾਵੇਗਾ।

# ਖੋਜ ਕਰਤਿਆਂ ਨੇ ਸਭ ਤੋਂ ਤੇਜ਼ ਇੰਟਰਨੈੱਟ ਸਪੀਡ ਹਾਸਲ ਕੀਤੀ

*** ਸੈਕਿੰਡ ਤੋਂ ਘੱਟ ਸਮੇਂ ਵਿੱਚ ਹਜ਼ਾਰ ਐਚ ਡੀ ਫਿਲਮਾਂ ਡਾਊਨਲੋਡ**

ਮੇਲਬੋਰਨ, 24 (ਪੋਸਟ ਬਿਊਰੋ)- ਇੰਟਰਨੈੱਟ ਦੇ ਖੋਜ ਕਰਤਿਆਂ ਨੇ ਸਿੰਗਲ ਆਪਟੀਕਲ ਚਿਪ ਦੀ ਮਦਦ ਨਾਲ ਸਭ ਤੋਂ ਤੇਜ਼ ਇੰਟਰਨੈੱਟ ਸਪੀਡ ਬਣਾ ਲਈ ਹੈ। ਇਹ ਸਪੀਡ ਇੰਨ੍ਹੀ ਤੇਜ਼ ਹੈ ਕਿ ਸੈਕਿੰਡ ਤੋਂ ਘੱਟ ਸਮੇਂ ਵਿੱਚ 1000 ਐਚ ਡੀ ਫਿਲਮਾਂ ਡਾਊਸਲੋਡ ਕਰ ਸਕਦੀ ਹੈ। ਇਹ ਅੱਜ ਤੱਕ ਦੀ ਇੰਟਰਨੈੱਟ ਸਪੀਡ ਤੋਂ ਹਜ਼ਾਰ ਗੁਣਾਂ ਤੋਂ ਵੱਧ ਹੈ।

ਵਿਗਿਆਨ ਪੱਤਿਕਾ ਨੇਚਰ ਕਮਿਊਨੀਕੇਸ਼ ਵਿੱਚ ਛਾਪੇ ਗਏ ਇੱਕ ਅਧਿਐਨ ਮੁਤਾਬਕ ਆਸਟ੍ਰੇਲੀਆ ਦੀ



ਮੋਨਾਸ਼ ਯੂਨੀਵਰਸਿਟੀ ਦੇ ਬਿਲ ਕਾਕੋਰਨ ਤੇ ਉਨ੍ਹਾਂ ਦੇ ਸਾਥੀਆਂ ਨੇ ਲਾਈਟ ਸੋਰਸ ਤੋਂ 44.2 ਟੇਰਾਬਿਟ ਪ੍ਰਤੀ ਸੈਕੰਡ ਦੀ ਸਪੀਡ ਰਿਕਾਰਡ ਕੀਤੀ ਹੈ। ਇਸ ਖੋਜ ਦੀ ਮਦਦ ਨਾਲ ਟੈਲੀ ਕਮਿਊਨੀਕੇਸ਼ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣ ਦੀ ਮਦਦ ਮਿਲ ਸਕਦੀ ਹੈ। ਉਨ੍ਹਾ ਦੱਸਿਆ ਕਿ ਮੌਜੂਦਾ ਫਾਈਬਰ ਆਪਟਿਕ ਟੈਕਨੋਲਾਜੀ ਵਿੱਚ ਨਵਾਂ ਜੰਤਰ ਲਾ ਕੇ ਇਹ ਸਪੀਡ ਲੱਭੀ ਗਈ ਹੈ। ਖੋਜ ਕਰਤਿਆਂ ਆਰਨਨ ਮਿਸ਼ੇਲ ਨੇ ਕਿਹਾ ਕਿ ਸ਼ੁਰੂ ਦੇ ਪੱਧਰ ਉੱਤੇ ਡਾਟਾ ਸੈਂਟਰਸ ਤੋਂ ਅਲਟਰਾ ਹਾਈ ਸਪੀਡ ਕਮਿਊਨੀਕੇਸ਼ ਵਿੱਚ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾ ਨੇ ਆਰ ਐਸ ਆਈ ਟੀ ਯੂਨੀਵਰਸਿਟੀ ਦੇ ਮੈਲਬੋਰਨ ਸਿਟੀ ਕੈਂਪਸ ਅਤੇ ਮੋਨਾਸ਼ ਯੂਨੀਵਰਸਿਟੀ ਦੇ ਕਲੇਟਨ ਕੈਂਪਸ ਵਿੱਚ ਦੇ 76.6 ਕਿਲੋਮੀਟਰ ਦੇ ਆਪਟੀਕਲ ਫਾਈਬਰ ਦੇ ਵਿੱਚ ਇਹ ਤਜਰਬਾ ਕੀਤਾ ਹੈ। ਇਹ ਡਿਵਾਈਸ 80 ਲੇਜਰ ਨੂੰ ਇੱਕ ਸਾਥ ਮਿਲਾ ਕੇ ਕੰਮ ਕਰਦੀ ਹੈ। ਵਿਗਿਆਨਿਕਾਂ ਨੇ ਕਿਹਾ ਕਿ ਕੋਰੋਨਾ ਦੇ ਕਾਰਨ ਜਿਵੇਂ ਲੋਕਾਂ ਨੂੰ ਘਰ ਵਿੱਚ ਰਹਿ ਕੇ ਕੰਮ ਕਰਨਾ ਪੈ ਰਿਹਾ ਹੈ, ਉਸ ਨਾਲ ਇੰਟਰਨੈੱਟ ਦੀ ਮੰਗ ਵਧੀ ਅਤੇ ਪਤਾ ਲੱਗਾ ਹੈ ਕਿ ਸਾਨੂੰ ਇੰਟਰਨੈੱਟ ਦੀ ਸਮਰੱਥਾ ਵਧਾਉਣ ਦੀ ਲੋੜ ਹੈ।

# ਪੱਤਰਕਾਰ ਖਸ਼ੋਗੀ ਦੇ ਪੁੱਤਰਾਂ ਨੇ ਪਿਤਾ ਦੇ ਕਾਤਲਾਂ ਨੂੰ ਮੁਆਫ ਕਰ ਦਿਤਾ

ਦੁਬਈ, 24 ਮਈ (ਪੋਸਟ ਬਿਊਰੋ)- ਮਰਹੂਮ ਪੱਤਰਕਾਰ ਜਮਾਲ ਖਸ਼ੋਗੀ ਦੇ ਪੁੱਤਰਾਂ ਨੇ ਆਪਣੇ ਪਿਤਾ ਦੇ ਕਾਤਲਾਂ ਨੂੰ ਮੁਆਫ ਕਰ ਦਿੱਤਾ ਹੈ। ਉਨ੍ਹਾਂ ਦੀ ਮੁਆਫੀ ਨਾਲ ਸਾਊਦੀ ਅਰਬ ਦੇ ਪੰਜ ਸਰਕਾਰੀ ਏਜੰਟਾਂ ਦੀ ਮੌਤ ਦੀ ਸਜ਼ਾ 'ਤੇ ਕਾਨੂੰਨੀ ਤੌਰ 'ਤੇ ਰੋਕ ਲੱਗ ਗਈ ਹੈ। ਅਕਤੂਬਰ 2018 ਵਿੱਚ ਤੁਰਕੀ ਦੇ ਇਸਤਾਂਬੁਲ ਸ਼ਹਿਰ ਵਿੱਚ ਸਾਊਦੀ ਅਰਬ ਦੇ ਦੂਤਘਰ ਵਿੱਚ ਖਸ਼ੋਗੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਦੇ ਕਤਲ ਬਾਰੇ ਸਾਊਦੀ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ 'ਤੇ ਵੀ ਉਂਗਲੀ ਉਠਾਈ ਗਈ ਸੀ।

ਸਾਊਦੀ ਅਰਬ ਦੇ ਪੱਤਰਕਾਰ ਖਾਸ਼ੋਗੀ ਦੇ ਸਭ ਤੋਂ ਵੱਡੇ ਪੁੱਤਰ ਸਲਾਹ ਨੇ ਕੱਲ੍ਹ ਟਵੀਟ ਵਿੱਚ ਕਿਹਾ ਕਿ ਅਸੀਂ ਜਮਾਲ ਖਸ਼ੋਗੀ ਦੇ ਪੁੱਤਰ ਆਪਣੇ ਪਿਤਾ ਦੇ ਕਾਤਲਾਂ ਨੂੰ ਮੁਆਫ ਕਰਦੇ ਹਾਂ ਜਿਸ ਦਾ ਇਨਾਮ ਸਾਨੂੰ ਅੱਲ੍ਹਾ ਤੋਂ ਮਿਲੇਗਾ। ਸਾਊਦੀ ਅਰਬ ਵਿੱਚ ਰਹਿਣ ਵਾਲੇ ਸਾਲੇਹ ਖਸ਼ੋਗੀ ਨੂੰ ਆਪਣੇ ਪਿਤਾ ਦੇ ਕਤਲ ਦੇ ਕੇਸ ਵਿੱਚ ਸ਼ਾਹੀ ਅਦਾਲਤ ਤੋਂ ਵਿੱਤੀ ਮੁਆਵਜ਼ਾ ਮਿਲ ਚੁੱਕਾ ਹੈ। ਉਨ੍ਹਾਂ ਕਿਹਾ ਕਿ ਰਮਜ਼ਾਨ ਦੌਰਾਨ ਕਾਤਲਾਂ ਨੂੰ ਮੁਆਫੀ ਦਿੱਤੀ ਗਈ ਹੈ। ਪਹਿਲੇ ਤੋਂ ਮੰਨਿਆ ਜਾ ਰਿਹਾ ਸੀ ਕਿ ਇਸ ਤਰ੍ਹਾਂ ਦਾ ਐਲਾਨ ਹੋ ਸਕਦਾ ਹੈ ਕਿਉਂਕਿ ਅਦਾਲਤ ਨੇ ਪਿਛਲੇ ਸਾਲ ਦਸੰਬਰ ਵਿੱਚ ਫੈਸਲੇ ਦਾ ਐਲਾਨ ਕਰਦੇ ਸਮੇਂ ਮੁਆਫੀ ਦਾ ਰਾਹ ਖੁੱਲ੍ਹਾ ਰੱਖਿਆ ਸੀ। ਖਸ਼ੋਗੀ ਹੱਤਿਆ ਕਾਂਡ ਵਿੱਚ ਸ਼ਾਹੀ ਅਦਾਲਤ ਵਿੱਚ 11 ਲੋਕਾਂ 'ਤੇ ਮੁਕ-ੱਦਮਾ ਚੱਲਿਆ ਸੀ। ਪਿਛਲੇ ਸਾਲ ਦਸੰਬਰ ਵਿੱਚ ਅਦਾਲਤ ਨੇ ਪੰਜ ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਤਿੰਨ ਨੂੰ ਅਪਰਾਧ ਲੁਕਾਉਣ ਦੇ ਜੁਰਮ ਵਿੱਚ 24 ਸਾਲ ਜੇਲ੍ਹ ਦੀ ਸਜ਼ਾ ਦਿੱਤੀ ਗਈ ਸੀ। ਬਾਕੀ ਨੂੰ ਬਰੀ ਕਰ ਦਿੱਤਾ ਗਿਆ ਸੀ, ਜੋ ਕਰਾਊਨ ਪ੍ਰਿੰਸ ਦੇ ਕਰੀਬੀ ਦੱਸੇ ਜਾਂਦੇ ਹਨ। 59 ਸਾਲਾ ਖਸ਼ੋਗੀ ਦੋ ਅਕਤੂਬਰ 2018 ਨੂੰ ਆਪਣੇ ਵਿਆਹ ਦੇ ਸੰਬੰਧ ਵਿੱਚ ਕੁਝ ਦਸਤਾਵੇਜ਼ ਲੈਣ ਲਈ ਸਾਊਦੀ ਅਰਬ ਦੇ ਦੂਤਘਰ ਲੈਣ ਲਈ ਸਾਊਦੀ ਅਰਬ ਦੇ ਦੂਤਘਰ ਵਿੱਚ ਗਏ ਸਨ। ਇਥੇ ਸਾਊਦੀ ਏਜੰਟਾਂ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਦੀ ਲਾਸ਼ ਵੀ ਬਰਾਮਦ ਨਹੀਂ ਹੋਈ ਸੀ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

| | |
|---|---|
| 40k Deposit Structure | $10,000 Submitted with offer |
| | $10,000 Submitted 90 days after Offer Date |
| | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਫਿਲਮੀ ਦੁਨੀਆ

## ਐਵਾਰਡ ਤੋਂ ਵੱਧ ਅਹਿਮ ਹਨ ਕੁਝ ਲਮਹੇ

### ਵਿਵੇਕ ਓਬਰਾਏ



ਆਪਣੇ ਕੰਮ ਦੇ ਲਈ ਐਵਾਰਡ ਮਿਲਣ ਦੀ ਖ਼ੁਸ਼ੀ ਹਰ ਕਲਾਕਾਰ ਦੀ ਜ਼ਿੰਦਗੀ ਦਾ ਖਾਸ ਲਮਹਾ ਹੁੰਦਾ ਹੈ। ਵਿਵੇਕ ਓਬਰਾਏ ਲਈ ਉਸ ਦੀ ਜ਼ਿੰਦਗੀ ਦਾ ਖਾਸ ਲਮਹਾ ਐਵਾਰਡ ਨਹੀਂ, ਕੁਝ ਹੋਰ ਹੈ। ਸਾਲ 2002 ਵਿੱਚ ਆਪਣੀ ਪਹਿਲੀ ਫਿਲਮ 'ਸਾਥੀਆ' ਦੀ ਸ਼ੂਟਿੰਗ ਦੇ ਦੌਰਾਨ ਸੈੱਟ 'ਤੇ ਇੱਕ ਵਿਅਕਤੀ ਆਪਣੀ ਨਵਜੰਮੀ ਬੱਚੀ ਨੂੰ ਗੋਦ ਵਿੱਚ ਲੈ ਆਇਆ। ਉਸ ਬੱਚੀ ਨੂੰ ਕੈਂਸਰ ਸੀ ਅਤੇ ਉਸ ਨੂੰ ਮਦਦ ਦੀ ਜ਼ਰੂਰਤ ਸੀ। ਸ਼ੂਟਿੰਗ ਖਤਮ ਹੋਣ ਦੇ ਬਾਅਦ ਵਿਵੇਕ ਬੱਚੀ ਨੂੰ ਦੇਖਣ ਹਸਪਤਾਲ ਪਹੁੰਚ ਗਏ। ਉਥੇ ਪਹੁੰਚਦੇ ਹੀ ਬੱਚੀ ਦੀ ਮਾਂ ਨੇ ਬੇਟੀ ਨੂੰ ਉਨ੍ਹਾਂ ਦੀ ਗੋਦ ਵਿੱਚ ਦੇ ਦਿੱਤਾ। ਵਿਵੇਕ ਅਨੁਸਾਰ ਇਹ ਲਮਹਾ ਉਨ੍ਹਾਂ ਦੇ ਦਿਲ ਦੇ ਸਭ ਤੋਂ ਨੇੜੇ ਹੈ, ਉਨ੍ਹਾਂ ਨੇ ਬੱਚੀ ਦਾ ਇਲਾਜ ਕਰਵਾਇਆ। ਅੱਜਕੱਲ੍ਹ ਉਹ ਬੱਚੀ ਵੱਡੀ ਹੋ ਗਈ ਹੈ ਅਤੇ ਉਨ੍ਹਾਂ ਦੇ ਹਰ ਜਨਮ ਦਿਨ 'ਤੇ ਉਨ੍ਹਾਂ ਨੂੰ ਮਿਲਣ ਆਉਂਦੀ ਹੈ।

## ਅਗਲੇ ਅਪ੍ਰੈਲ ਵਿੱਚ ਆ ਸਕਦੀ ਹੈ ਫਿਲਮ 'ਲਾਲ ਸਿੰਘ ਚੱਢਾ'



ਲਾਕਡਾਊਨ ਤੋਂ ਪਹਿਲਾਂ ਤੱਕ ਆਮਿਰ ਖਾਨ ਅਤੇ ਕਰੀਨਾ ਕਪੂਰ ਖਾਨ ਪੰਜਾਬ ਵਿੱਚ ਆਪਣੀ ਫਿਲਮ 'ਲਾਲ ਸਿੰਘ ਚੱਢਾ' ਦੀ ਸ਼ੂਟਿੰਗ ਕਰ ਰਹੇ ਸਨ। 19 ਮਾਰਚ ਤੋਂ ਹਰ ਪ੍ਰਕਾਰ ਦੀ ਸ਼ੂਟਿੰਗ ਬੰਦ ਹੋਣ ਕਾਰਨ ਸਾਰੇ ਕਲਾਕਾਰ ਅਤੇ ਯੂਨਿਟ ਮੁੰਬਈ ਮੁੜ ਆਏ ਸਨ। ਫਿਲਮ ਨੂੰ ਸਾਲ ਦੇ ਅਖੀਰ ਵਿੱਚ ਕ੍ਰਿਸਮਸ 'ਤੇ ਰਿਲੀਜ਼ ਕਰਨ ਦੀ ਯੋਜਨਾ ਸੀ। ਉਸ ਤੋਂ ਪਹਿਲਾਂ ਆਮਿਰ ਦੀ ਯੋਜਨਾ ਦੀਵਾਲੀ ਤੱਕ ਫਿਲਮ ਦਾ ਟੀਜ਼ਰ ਰਿਲੀਜ਼ ਕਰਨ ਦੀ ਸੀ, ਪਰ ਇਸ ਸਥਿਤੀ ਨੂੰ ਦੇਖਦੇ ਹੋਏ ਦੋਬਾਰਾ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਪ੍ਰੋਡਕਸ਼ਨ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਅਜੇ ਤੱਕ ਫਿਲਮ ਦੀ ਸਿਰਫ ਅੱਠ ਫੀਸਦੀ ਸ਼ੂਟਿੰਗ ਪੂਰੀ ਹੋਈ ਹੈ। ਫਿਲਮ ਵਿੱਚ ਵੀ ਐੱਫ ਐਕਸ ਦਾ ਵੀ ਕਾਫੀ ਕੰਮ ਹੈ। ਅਜਿਹੇ ਵਿੱਚ ਕ੍ਰਿਸਮਸ 'ਤੇ ਫਿਲਮ ਰਿਲੀਜ਼ ਹੋਣਾ ਮੁਸ਼ਕਲ ਦਿਖਾਈ ਦੇਂਦਾ ਹੈ। ਮੰਨਿਆ ਜਾ ਰਿਹਾ ਹੈ ਕਿ ਆਮਿਰ ਇਸ ਫਿਲਮ ਨੂੰ ਅਗਲੇ ਸਾਲ ਮਾਰਚ-ਅਪ੍ਰੈਲ ਵਿੱਚ ਰਿਲੀਜ਼ ਕਰ ਸਕਦੇ ਹਨ। 'ਲਾਲ ਸਿੰਘ ਚੱਢਾ' ਟਾਮ ਹੈਂਸ ਅਭਿਨੀਤ ਹਾਲੀਵੁੱਡ ਫਿਲਮ 'ਦ ਫਾਰੈਸਟ ਗੰਪ' ਦਾ ਰੀਮੇਕ ਹੈ।

## ਦਸ ਦਿਨਾਂ ਦੀ ਸ਼ੂਟਿੰਗ ਬਚੀ ਹੈ ਇਮਰਾਨ ਦੀ ਫਿਲਮ 'ਏਜ਼ਰਾ' ਦੀ...

ਕੋਰੋਨਾ ਵਾਇਰਸ ਕਾਰਨ ਹੋਏ ਲਾਕਡਾਊਨ ਵਿੱਚ ਫਿਲਮ ਇੰਡਸਟਰੀ ਠਹਿਰੀ ਹੋਈ ਹੈ। ਵੱਡੀ ਤੋਂ ਵੱਡੀ ਫਿਲਮ ਦੀ ਸ਼ੂਟਿੰਗ ਤੇ ਰਿਲੀਜ਼ ਲਟਕੀ ਹੋਈ ਹੈ। ਅਜਿਹੇ ਵਿੱਚ ਇਮਰਾਨ ਹਾਸ਼ਮੀ ਦੀ ਫਿਲਮ 'ਏਜ਼ਰਾ' ਦੀ ਸ਼ੂਟਿੰਗ ਵੀ ਰੁਕੀ ਹੈ। ਖਾਸ ਗੱਲ ਇਹ ਹੈ ਕਿ ਇਸ ਫਿਲਮ ਦੀ ਸਿਰਫ ਦਸ ਦਿਨਾਂ ਦੀ ਸ਼ੂਟਿੰਗ ਬਾਕੀ ਸੀ।

ਫਿਲਮ ਨਿਰਮਾਤਾ ਅਭਿਸ਼ੇਕ ਪਾਠਕ ਨੇ ਦੱਸਿਆ ਕਿ ਉਨ੍ਹਾਂ ਦੀ ਹਾਰਰ ਫਿਲਮ ਦੀ ਬਾਕੀ ਸ਼ੂਟਿੰਗ ਲਾਕਡਾਊਨ ਤੋਂ ਪਹਿਲਾਂ ਮਾਰੀਸ਼ਸ਼ ਵਿੱਚ ਹੋ ਚੁੱਕੀ ਸੀ। ਬੱਸ ਦਸ ਦਿਨਾਂ ਦੀ ਸ਼ੂਟਿੰਗ ਬਚੀ ਸੀ, ਜੋ ਮੁੰਬਈ ਵਿੱਚ ਹੋਣੀ ਸੀ, ਲਾਕਡਾਊਨ ਦੇ ਕਾਰਨ ਉਹ ਨਹੀਂ ਹੋ ਸਕੀ। ਚੰਗੀ ਗੱਲ ਇਹ ਰਹੀ ਸੀ ਕਿ ਮੁੰਬਈ ਦਾ ਸ਼ਡਿਊਲ ਹੀ ਬਾਕੀ ਸੀ। ਅਜਿਹੇ ਵਿੱਚ ਜਦ ਵੀ ਸ਼ੂਟਿੰਗ ਸ਼ੁਰੂ ਕਰਨ ਦਾ ਸਮਾਂ ਆਏਗਾ, ਸਾਨੂੰ ਸ਼ਹਿਰ ਤੋਂ ਬਾਹਰ ਸ਼ੂਟਿੰਗ ਨਹੀਂ ਕਰਨੀ ਪਵੇਗੀ। 'ਏਜ਼ਰਾ' ਸਾਲ 2017 ਵਿੱਚ ਇਸੇ ਨਾਂਅ ਨਾਲ ਰਿਲੀਜ਼ ਹੋਈ ਮਲਿਆਲਮ ਫਿਲਮ ਦੀ ਹਿੰਦੀ ਰੀਮੇਕ ਹੈ। ਫਿਲਮ ਦਾ ਨਿਰਦੇਸ਼ਨ ਮੂਲ ਫਿਲਮ ਦੇ ਡਾਇਰੈਕਟਰ ਜੈ ਕ੍ਰਿਸ਼ਨਨ ਹੀ ਕਰ ਰਹੇ ਹਨ। ਅਭਿਸ਼ੇਕ ਪਾਠਕ ਦੇ ਨਿਰਮਾਣ ਵਿੱਚ ਬਣ ਰਹੀ ਇੱਕ ਹੋਰ ਫਿਲਮ 'ਖ਼ੁਦਾ ਹਾਫਿਜ਼' ਦੀ ਸ਼ੂਟਿੰਗ ਹੋ ਚੁੱਕੀ ਹੈ। ਇਸ ਦਾ ਨਿਰਦੇਸ਼ਨ ਫਾਰੂਖ ਕਬੀਰ ਨੇ ਕੀਤਾ ਹੈ।



## ਫਿਲਮ 'ਮਲੰਗ 2' ਉੱਤੇ ਕੰਮ ਕਰ ਰਹੇ ਹਨ ਮੋਹਿਤ ਸੂਰੀ



ਹਿੱਟ ਫਿਲਮਾਂ ਦੇ ਸੀਕਵਲ ਵਿੱਚ ਨਿਰਮਾਤਾਵਾਂ ਦੀ ਦਿਲਚਸਪੀ ਹਮੇਸ਼ਾ ਤੋਂ ਰਹੀ ਹੈ। ਇਸ ਸਾਲ ਦੇ ਸ਼ੁਰੂ ਵਿੱਚ ਰਿਲੀਜ਼ ਫਿਲਮ 'ਮਲੰਗ' ਨੂੰ ਬਾਕਸ ਆਫਿਸ 'ਤੇ ਚੰਗਾ ਹੁੰਗਾਰਾ ਮਿਲਿਆ ਸੀ। ਮੋਹਿਤ ਸੂਰੀ ਦੇ ਨਿਰਦੇਸ਼ਨ ਵਾਲੀ ਇਸ ਫਿਲਮ ਵਿੱਚ ਆਦਿੱਤਯ ਰਾਏ ਕਪੂਰ, ਦਿਸ਼ਾ ਪਟਾਨੀ, ਅਨਿਲ ਕਪੂਰ ਤੇ ਕੁਣਾਲ ਖੇਮੂ ਅਹਿਮ ਭੂਮਿਕਾ ਵਿੱਚ ਨਜ਼ਰ ਆਏ ਸਨ। ਫਿਲਮ ਨੂੰ ਓ ਟੀ ਟੀ ਪਲੇਟਫਾਰਮ 'ਤੇ ਵੀ ਰਿਲੀਜ਼ ਕੀਤਾ ਜਾ ਚੁੱਕਾ ਹੈ। ਅੱਗੋਂ ਨਿਰਮਾਤਾ ਇਸ ਦੇ ਸੀਕਵਲ 'ਮਲੰਗ 2' 'ਤੇ ਕੰਮ ਕਰ ਰਹੇ ਹਨ। ਇਸ ਦੀ ਪੁਸ਼ਟੀ ਨਿਰਮਾਤਾ ਅੰਕੁਰ ਗਰਗ ਨੇ ਕੀਤੀ ਹੈ। ਅੰਕੁਰ ਦਾ ਕਹਿਣਾ ਹੈ ਕਿ ਸਿਨੇਮਾ ਘਰ ਦੇ ਬਾਅਦ ਓ ਟੀ ਟੀ ਉਤੇ ਮਿਲ ਰਹੀ ਚੰਗੀ ਪ੍ਰਤੀਕਿਰਿਆ ਨੇ ਉਨ੍ਹਾਂ ਨੂੰ 'ਮਲੰਗ 2' ਬਣਾਉਣ ਲਈ ਪ੍ਰੇਰਿਤ ਕੀਤਾ ਹੈ। ਮੋਹਿਤ ਸੂਰੀ ਇਸ ਫਿਲਮ ਦੀ ਅਗਲੀ ਕਿਸ਼ਤ 'ਤੇ ਕੰਮ ਕਰ ਰਹੇ ਹਨ ਤੇ ਦੱਸਿਆ ਜਾਂਦਾ ਹੈ ਕਿ ਬਾਕੀ ਜਾਣਕਾਰੀ ਜਲਦੀ ਹੀ ਸਾਂਝੀ ਕੀਤੀ ਜਾਵੇਗੀ। ਫਿਲਮ 'ਮਲੰਗ' ਵਿਚ ਆਦਿੱਤਯ ਰਾਏ ਕਪੂਰ ਸਿਵਲਰ ਸਕਰੀਨ 'ਤੇ ਪਹਿਲੀ ਵਾਰ ਧਮਾਕੇਦਾਰ ਐਕਸ਼ਨ ਕਰਦੇ ਨਜ਼ਰ ਆਏ ਸਨ। ਫਿਲਮ ਦੇ ਅਖੀਰ ਨੂੰ ਦੇਖਦੇ ਹੋਏ ਉਸ ਵਿੱਚ ਸੀਕਵਲ ਦੀਆਂ ਭਰਪੂਰ ਸੰਭਾਵਨਾਵਾਂ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE TENS
Canadian Red Cross Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH

Top 1% Ranked In Broker
Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਹਰੰਟਾਰੀਓ (ਹਾਈਵੇ 10) / ਮੇਅਫੀਲਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿੱਚ 4 ਬੈਡਰੂਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅਤੇ ਇਨਗਰਾਊਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿੱਚ ਹਾਰਡਵੁਡ ਫਲੋਰ ਹੈ ਅਤੇ ਕਿੱਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਂਟਰ ਟਾਪ। ਮੇਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।

MISSISSAUGA
ਗਲੇਨ ਏਰੀਨ / ਡਨਵੀਨ ਡਰਾਈਵ
ਬਹੁਤ ਹੀ ਸ਼ਾਨਦਾਰ ਮੋਡਲ ਬੰਗਲਓ ਜਿਸ ਵਿੱਚ 3+1 ਬੈਡਰੂਮ ਅਤੇ ਫਿਨੀਸ਼ਡ ਵਾਕ ਆਊਟ ਬੇਸਮੈਂਟ ਹੈ ਜੋ ਕਿ ਵੱਡੇ ਬੈਕ ਯਾਰਡ ਨੂੰ ਜਾਂਦਾ ਹੈ ਜਿਸ ਵਿੱਚ ਵੂਡਨ ਡੈਕ ਅਤੇ ਸ਼ੇਡ ਹੈ। ਸਾਰਾ ਘਰ ਰੇਨੋਵੇਟ ਅਤੇ ਸਾਰੇ ਘਰ ਵਿੱਚ ਹਾਰਡਵੁਡ ਅਤੇ ਲੈਮੀਨੇਟ ਫਲੋਰ ਹੈ, ਮਾਸਟਰ ਬੈਡਰੂਮ ਸੇਮੀ ਈਨਸੂਟ ਹੈ, ਅਪਗ੍ਰੇਡੇਡ ਕਿਚਨ ਅਪਲਾਈਨਸੈਸ।

BRAMPTON
ਫਾਦਰ ਟੋਬੀਨ / ਬਰੈਮਲੀਅ ਰੋਡ
ਰੈਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਏਨਟਰੀ, ਮੇਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਹਾਰਡਵੁਡ ਫਲੋਰ ਅਤੇ ਸਟੈਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੂਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ ਅਤੇ ਸੈਂਟਰ ਆਈਲੈਂਡ।

BRAMPTON
ਬ੍ਰਿਸਡੇਲ / ਕ੍ਰੇਡੀਟਵਿਊ
SOLD $33000 OVER ASKING PRICE IN 2 DAYS

BRAMPTON
ਮੇਵੀਸ / ਸਟੀਲ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ, ਸਾਰੇ ਘਰ ਵਿੱਚ ਨਵਾਂ ਪੇਂਟ ਕੀਤਾ ਹੈ। ਬੇਸਮੈਂਟ ਬਣਨ ਵਾਲੀ ਹੈ। ਮੇਨ ਫਲੋਰ 9 ਫੁੱਟ ਸਿਲਿੰਗ। ਸਾਰੇ ਘਰ ਵਿੱਚ ਹਾਰਡਵੁਡ ਅਤੇ ਲੈਮੀਨੇਟ ਫਲੋਰ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਈਨ ਕਲੋਜ਼ਟ, ਨਵੀਆਂ ਅਪਲਾਈਨਸੈਸ। ਬਹੁਤ ਜਲਦੀ ਵਿਕਣ ਵਾਲਾ ਘਰ ਹੈ।

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO: 44 FASKEN DR, # 2 - 9 ETOBICOKE, ON M9W 5M8 (416)-792-0877, (416)-551-3343
STONEY CREEK: #6 – 410 LEWIS ROAD STONEY CREEK, ON L8E 5Y7 (905) 643-0818
LONDON: #4 -1540 FANSHAWE PARK RD. W, LONDON, ON N6H 5L8 (519)-641-1010
BRAMPTON: 1-241 CLARENCE ST. BRAMPTON, ON L6W 3E7 (416)-551-3343
AUTHORISED DEALER OF ALL NAME BRANDS
JENN-AIR Whirlpool MAYTAG Electrolux SAMSUNG LG KitchenAid FRIGIDAIRE GE
BRAND NEW & OPEN BOX APPLIANCES

Carte WEALTH MANAGEMENT INC.
KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***
FREE Tax Filing For New Immigrants
416-271-4877
Sukhwinder Kang (M.Sc. CFP) Financial Advisor
2645 ISLINGTON AVENUE, Unit # 101 ALBION & ISLINGTON, ETOBICOKE OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizons and Axael Insurance.

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at: safety@interstatefreightsystems.com
Call: 416-452-0677

Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post - Claim Underwriting | Time of Application ✓ |

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Know the Difference Be Informed.
Life Insurance Coverage up to $500,000 No Medical Test Needed
Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575